

Vancouver CoastalHealth

# 2022/23
# ਇਮਪੈਕਟ ਰਿਪੋਰਟ
## (Impact Report)

# ਵੀ ਸੀ ਐੱਚ ਬਾਰੇ

**ਵੀ ਸੀ ਐੱਚ ਇਕ ਮਿਲੀਅਨ ਨਾਲੋਂ ਜ਼ਿਆਦਾ ਲੋਕਾਂ ਦਾ ਬਹੁਤ ਵਧੀਆ ਇਲਾਜ ਕਰਨ ਲਈ ਵਚਨਬੱਧ ਹੈ ਜਿਸ ਵਿਚ Heiltsuk, Kitasoo-Xai'xais, Lil'wat, Musqueam, N'Quatqua, Nuxalk, Samahquam, shíshálh, Skatin, Squamish, Tla'amin, Tsleil-Waututh, Wuikinuxv ਅਤੇ Xa'xtsa ਦੇ ਰਵਾਇਤੀ ਇਲਾਕਿਆਂ ਵਿਚ, ਸਾਡੇ ਇਲਾਕੇ ਵਿਚਲੇ ਫਸਟ ਨੇਸ਼ਨਜ਼, Métis ਅਤੇ Inuit ਭਾਈਚਾਰੇ ਸ਼ਾਮਲ ਹਨ। ਵੀ ਸੀ ਐੱਚ, ਹੈਲਥ-ਕੇਅਰ ਵਿਚ ਨਵੀਂਆਂ ਕਾਢਾਂ, ਖੋਜ ਅਤੇ ਅਕਾਦਮਿਕ ਖ਼ੂਬੀ ਲਈ ਬ੍ਰਿਟਿਸ਼ ਕੋਲੰਬੀਆ ਦਾ ਧੁਰਾ ਹੈ, ਜੋ ਕਿ ਸੂਬੇ ਭਰ ਵਿਚ ਮਰੀਜ਼ਾਂ ਦਾ ਖਾਸ ਇਲਾਜ ਕਰ ਰਹੀ ਹੈ।**



# ਇਸ ਰਿਪੋਰਟ ਬਾਰੇ

ਵੀ ਸੀ ਐੱਚ ਦੀ 2022/23 ਇਮਪੈਕਟ ਰਿਪੋਰਟ (Impact Report) ਸਾਡੀਆਂ ਕਦਰਾਂ-ਕੀਮਤਾਂ ਦੀ ਮਜ਼ਬੂਤੀ ਉੱਪਰ ਜੋਰ ਦਿੰਦੇ ਹੋਏ ਅਤੇ ਬਹੁਤ ਵਧੀਆ ਇਲਾਜ ਕਰਨ ਲਈ ਸਾਡੀ ਵਚਨਬੱਧਤਾ ਨੂੰ ਦਿਖਾਉਂਦੇ ਹੋਏ ਸਾਡੀ ਸੰਸਥਾ ਦੇ ਪ੍ਰੋਗਰਾਮਾਂ ਅਤੇ ਉੱਦਮਾਂ ਨੂੰ ਦਰਸਾਉਂਦੀ ਹੈ। ਰਿਪੋਰਟ ਨੂੰ ਵੀ ਸੀ ਐੱਚ ਦੇ ਸਾਡੇ ਚਾਰ ਮੂਲ ਆਧਾਰਾਂ ਮੁਤਾਬਕ ਵੰਡਿਆ ਗਿਆ ਹੈ: ਆਦਿਵਾਸੀ ਸਭਿਆਚਾਰ ਦੀ ਸੁਰੱਖਿਆ, ਨਿਰਪੱਖਤਾ, ਭਿੰਨਤਾ ਅਤੇ ਸ਼ਮੂਲੀਅਤ, ਨਸਲਵਾਦ ਵਿਰੋਧੀ ਅਤੇ ਗ੍ਰਹਿ (ਪਲੈਨਿੱਟ) ਦੀ ਸਿਹਤ ਦੇ ਨਾਲ ਨਾਲ ਹਰ ਇਕ ਦੀ ਸੰਭਾਲ ਲਈ ਸਾਡੀਆਂ ਕਦਰਾਂ-ਕੀਮਤਾਂ, ਅਸੀਂ ਸਦਾ ਸਿੱਖ ਰਹੇ ਹਾਂ ਅਤੇ ਅਸੀਂ ਬਿਹਤਰ ਨਤੀਜਿਆਂ ਲਈ ਪੂਰੀ ਵਾਹ ਲਾਉਂਦੇ ਹਾਂ।



# ਬੋਰਡ ਦੇ ਚੇਅਰ ਵਲੋਂ ਸੁਨੇਹਾ

ਸੂਬੇ ਭਰ ਵਿਚ 1.25 ਮਿਲੀਅਨ ਲੋਕਾਂ ਦੀ ਸੇਵਾ ਕਰਨ ਵਾਲੇ 29,000 ਨਾਲੋਂ ਜ਼ਿਆਦਾ ਸਟਾਫ ਅਤੇ ਮੈਡੀਕਲ ਸਟਾਫ ਲਈ, ਇਨ੍ਹਾਂ ਪਿਛਲੇ ਤਿੰਨ ਸਾਲਾਂ ਦੇ ਅਸਰ, ਸਾਡੇ ਬਹੁਤਿਆਂ ਲਈ ਮਾਸਕ ਲਾਹੁਣ ਨਾਲੋਂ ਜ਼ਿਆਦਾ ਸਮੇਂ ਲਈ ਕਾਇਮ ਰਹਿਣਗੇ। ਇਸ ਵਿਚ ਓਪੀਔਡ ਦੇ ਸੰਕਟ ਅਤੇ ਮਾਨਸਿਕ ਸਿਹਤ ਅਤੇ ਨਸ਼ਿਆਂ ਦੀ ਵਰਤੋਂ ਦੀਆਂ ਚੁਣੌਤੀਆਂ ਵਾਲੇ ਲੋਕਾਂ ਦੀ ਵਧਦੀ ਗਿਣਤੀ ਲਈ ਮਦਦ ਦੀਆਂ ਜਾਰੀ ਰਹਿਣ ਵਾਲੀਆਂ ਸੇਵਾਵਾਂ ਦੇਣ ਦੀ ਲੋੜ ਨੂੰ ਸ਼ਾਮਲ ਕਰੋ, ਅਤੇ ਜੰਗਲੀ ਅੱਗਾਂ, ਬਰਫੀਲੇ ਤੁਫਾਨਾਂ, ਮੌਸਮੀ ਦਰਿਆਵਾਂ ਅਤੇ ਹੀਟ ਡੋਮਜ਼ ਦੇ ਰੂਪ ਵਿਚ ਜਲਵਾਯੂ ਵਿਚ ਤਬਦੀਲੀ ਦੀਆਂ ਅਲਾਰਮ ਘੰਟੀਆਂ ਅਲੱਗ ਹਨ, ਅਤੇ ਤੁਹਾਡੇ ਕੋਲ ਅਜਿਹੇ ਮੁਲਾਜ਼ਮ ਹਨ ਜਿਨ੍ਹਾਂ ਅੱਗੇ ਚੁਣੌਤੀਆਂ ਤਾਂ ਹਨ ਪਰ ਉਨ੍ਹਾਂ ਨੇ ਇਕ ਆਸਾਧਾਰਣ ਦ੍ਰਿੜਤਾ ਦਿਖਾਈ ਹੈ। ਪਿਛਲੇ ਸਾਲ ਦੀਆਂ ਘਟਨਾਵਾਂ ਬੇਮਿਸਾਲ ਅਤੇ ਅਚਨਚੇਤ ਸਨ, ਅਤੇ ਅਸੀਂ ਆਪਣੀਆਂ ਪੋਜ਼ੀਸ਼ਨਾਂ ਵਿਚ ਲੀਡਰਸ਼ਿਪ ਅਤੇ ਬਹਾਦਰੀ ਦੇਖੀ ਹੈ। ਉਹ ਸਾਨੂੰ ਪਾਰ ਲੈ ਕੇ ਗਏ ਹਨ; ਅਸਲ ਵਿਚ ਲੈ ਕੇ ਗਏ ਹਨ, ਅਤੇ ਅਸੀਂ ਬਹੁਤ ਉਤਸ਼ਾਹਿਤ ਅਤੇ ਸ਼ੁਕਰਗੁਜ਼ਾਰ ਹਾਂ।

ਇਸ ਸਾਲ ਦੀ ਇਮਪੈਕਟ ਰਿਪੋਰਟ (Impact Report) ਇਸ ਕੰਮ ਦੀਆਂ ਕਈ ਵਿਸ਼ੇਸ਼ਤਾਵਾਂ ਨੂੰ ਕਵਰ ਕਰਦੀ ਹੈ, ਜੋ ਸਾਰੀਆਂ ਸਾਡੇ ਰਣਨੀਤਕ ਢਾਂਚੇ ਦੀ ਹਿਮਾਇਤ ਕਰਦੀਆਂ ਹਨ। ਵੀ ਸੀ ਐੱਚ ਦੇ ਨਵੇਂ ਮੂਲ ਆਧਾਰ (Pillars) ਠੋਸ ਢਾਂਚੇ ਹਨ ਜਿਨ੍ਹਾਂ ਉੱਪਰ ਅਸੀਂ ਆਪਣਾ ਭਵਿੱਖ ਦਾ ਕੰਮ ਉਸਾਰ ਰਹੇ ਹਾਂ। ਉਹ ਉਸ ਵੱਖ ਵੱਖ ਆਬਾਦੀ ਲਈ ਸਿਹਤ ਦੇ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਜ਼ਰੂਰੀ ਹਨ ਜਿਨ੍ਹਾਂ ਦੀ ਅਸੀਂ ਵੀ ਸੀ ਐੱਚ ਵਿਖੇ ਸੇਵਾ ਕਰਦੇ ਹਾਂ ਅਤੇ ਇਨ੍ਹਾਂ ਲਈ ਇਹ ਸਾਡੀ ਤਕੜੀ ਵਚਨਬੱਧਤਾ ਦੀ ਨੁਮਾਇੰਦਗੀ ਕਰਦੇ ਹਨ:

- **ਆਦਿਵਾਸੀ ਸਭਿਆਚਾਰ ਦੀ ਸੁਰੱਖਿਆ:** ਆਦਿਵਾਸੀ ਲੋਕਾਂ ਨੂੰ ਹਰ ਰੋਜ਼, ਹਰ ਤਰੀਕੇ ਨਾਲ ਸਭਿਆਚਾਰਕ ਤੌਰ 'ਤੇ ਸੁਰੱਖਿਅਤ ਸੰਭਾਲ ਪ੍ਰਦਾਨ ਕਰਨਾ
- **ਨਿਰਪੱਖਤਾ, ਭਿੰਨਤਾ ਅਤੇ ਸ਼ਮੂਲੀਅਤ:** ਜੁੜੇ ਹੋਣ ਦੀ ਭਾਵਨਾ ਨੂੰ ਉਤਸ਼ਾਹ ਦੇਣਾ ਜਿੱਥੇ ਅਸੀਂ ਸਾਰੇ ਆਪਣੇ ਆਪ ਨੂੰ ਸਮੁੱਚੇ ਤੌਰ 'ਤੇ ਵੀ ਸੀ ਐੱਚ ਵੱਲ ਲਿਆ ਸਕਦੇ ਹਾਂ
- **ਨਸਲਵਾਦ ਵਿਰੋਧੀ:** ਅਜਿਹਾ ਭਾਈਚਾਰਾ ਉਸਾਰਨਾ ਜਿੱਥੇ ਅਸੀਂ ਅਜਿਹੇ ਵਿਹਾਰਾਂ, ਅਮਲਾਂ ਅਤੇ ਤਰੀਕਿਆਂ ਨੂੰ ਤੋੜਦੇ ਹਾਂ ਜਿਹੜੇ ਲੋਕਾਂ 'ਤੇ ਉਨ੍ਹਾਂ ਦੀ ਨਸਲ ਜਾਂ ਪਿਛੋਕੜ ਦੇ ਆਧਾਰ 'ਤੇ ਅਸਰ ਪਾਉਂਦੇ ਹਨ
- **ਗ੍ਰਹਿ ਦੀ ਸਿਹਤ:** ਲੋਕਾਂ ਨੂੰ ਸਿਹਤਮੰਦ ਈਕੋਸਿਸਟਮ ਬਣਾਉਣ, ਬਹਾਲ ਕਰਨ, ਰਾਖੀ ਕਰਨ ਅਤੇ ਸੰਭਾਲਣ ਲਈ ਪ੍ਰੇਰਿਤਾ ਕਰਨਾ

ਇਸ ਰਿਪੋਰਟ ਵਿਚਲੀਆਂ ਕਹਾਣੀਆਂ ਆਸਾਧਾਰਣ ਸਮੇਂ ਵਿਚ ਆਸਾਧਾਰਣ ਲੋਕਾਂ ਦੇ ਕੰਮ ਨੂੰ ਅੱਗੇ ਲਿਆਉਂਦੀਆਂ ਹਨ। ਛੋਟੇ ਅਤੇ ਵੱਡੇ ਤਰੀਕਿਆਂ ਨਾਲ ਅਸੀਂ ਕੁਆਲਟੀ ਵਾਲੀ ਹੈਲਥ ਕੇਅਰ ਸੇਵਾਵਾਂ ਦਾ ਪੂਰਾ ਸਿਲਸਿਲਾ ਬਹੁਤੇ ਕਰਕੇ ਆਪਣੇ ਭਾਈਭਾਲਾਂ ਕਰਕੇ ਪ੍ਰਦਾਨ ਕਰਨ ਦੇ ਯੋਗ ਹਾਂ। ਬੋਰਡ ਔਫ ਡਾਇਰੈਕਟਰਜ਼ ਦੀ ਤਰਫੋਂ, ਮੈਂ ਮਨਿਸਟਰੀ ਔਫ ਹੈਲਥ ਤੋਂ ਲਗਾਤਾਰ ਮਿਲਣ ਵਾਲੀ ਮਦਦ ਲਈ ਧੰਨਵਾਦੀ ਹਾਂ, ਅਤੇ ਪ੍ਰੌਵੀਡੈਂਸ ਹੈਲਥ ਕੇਅਰ ਅਤੇ ਉਨ੍ਹਾਂ ਹੋਰ ਸੰਸਥਾਵਾਂ ਵਿਖੇ ਆਪਣੇ ਭਾਈਵਾਲਾਂ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਦੇ ਟੀਚੇ ਸਾਂਝੇ ਹਨ। ਮਾਣ ਅਤੇ ਖੁੱਲ੍ਹਦਿਲੀ ਨੇ ਇਨ੍ਹਾਂ ਭਾਈਵਾਲੀਆਂ ਨੂੰ ਪਰਿਭਾਸ਼ਤ ਕੀਤਾ ਹੈ ਅਤੇ ਅਸੀਂ ਬਹੁਤ ਧੰਨਵਾਦੀ ਹਾਂ।

ਜਦੋਂ ਮੈਂ ਅੱਗੇ ਦਾ ਸੋਚਦੀ ਹਾਂ ਤਾਂ ਮੈਂ ਆਸਵੰਦ ਮਹਿਸੂਸ ਕਰਦੀ ਹਾਂ ਕਿਉਂਕਿ ਮੈਂ ਜਾਣਦੀ ਹਾਂ ਕਿ ਸਾਡੇ ਲੋਕ ਅਤੇ ਸਾਡੇ ਭਾਈਚਾਰੇ ਇਸ ਵਿਚ ਇਕੱਠੇ ਹਨ, ਅਤੇ ਇਹ ਸਾਡੇ ਸਾਰਿਆਂ ਵਿਚ ਇਕ ਦੂਜੇ ਲਈ ਬਿਹਤਰ ਕਰਨ ਦੀ ਚਾਹਤ ਪੈਦਾ ਕਰਦਾ ਹੈ; ਇਕ ਦੂਜੇ ਨੂੰ ਸੁਰੱਖਿਅਤ ਅਤੇ ਸਿਹਤਮੰਦ ਰੱਖਣ ਲਈ। ਵੈਨਕੂਵਰ ਕੋਸਟਲ ਹੈਲਥ ਦੇ ਲੋਕਾਂ ਦੀ ਸੇਵਾ ਕਰਨਾ ਬੋਰਡ ਉੱਪਰ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ।

**Dr. Penny Ballem**


Board Chair



# ਵੀ ਸੀ ਐੱਚ ਦੇ ਪ੍ਰੈਜ਼ੀਡੈਂਟ ਅਤੇ ਸੀ ਈ ਓ Vivian Eliopoulos ਵਲੋਂ ਸੁਆਗਤੀ ਸੁਨੇਹਾ




# ਸਾਡੇ ਮੂਲ ਮੁੱਲ



## ਅਸੀਂ ਹਰ ਇਕ ਦੀ ਸੰਭਾਲ ਕਰਦੇ ਹਾਂ

ਅਸੀਂ ਇਹ ਯਕੀਨ ਕਰਦੇ ਹਾਂ ਕਿ ਸੰਭਾਲ ਕਰਨ ਵਾਲੇ ਹੋਣਾ ਉਸ ਦਾ ਕੇਂਦਰ ਹੈ ਜੋ ਅਸੀਂ ਕਰਦੇ ਹਾਂ, ਆਪਣੇ ਮਰੀਜ਼ਾਂ ਦੀ, ਉਨ੍ਹਾਂ ਦੇ ਪਰਿਵਾਰਾਂ ਦੀ, ਸਾਡੇ ਸਾਥੀਆਂ ਦੀ ਅਤੇ ਆਪਣੀ ਸੰਭਾਲ ਕਰਨਾ।



## ਅਸੀਂ ਸਦਾ ਸਿੱਖ ਰਹੇ ਹਾਂ

ਅਸੀਂ ਜਗਿਆਸੂ ਰਹਿਣ ਵਿਚ ਵਿਸ਼ਵਾਸ ਰੱਖਦੇ ਹਾਂ, ਹਮੇਸ਼ਾਂ ਨਵੇਂ ਵਿਚਾਰਾਂ ਅਤੇ ਹੈਲਥ ਕੇਅਰ ਵਿਚ ਸੁਧਾਰ ਕਰਨ ਦੇ ਤਰੀਕਿਆਂ ਲਈ ਖੁੱਲ੍ਹੇ ਹਾਂ।



## ਅਸੀਂ ਬਿਹਤਰ ਨਤੀਜਿਆਂ ਲਈ ਵਾਹ ਲਾਉਂਦੇ ਹਾਂ

ਅਸੀਂ ਹੈਲਥ ਕੇਅਰ ਦੇ ਸਾਰੇ ਕਾਰਜਾਂ ਵਿਚ ਬਿਹਤਰ ਨਤੀਜੇ ਪ੍ਰਾਪਤ ਕਰਨ ਵਿਚ ਯਕੀਨ ਰੱਖਦੇ ਹਾਂ ਜਿਸ ਨਾਲ ਮਰੀਜ਼ਾਂ ਦੇ ਇਲਾਜ ਲਈ ਬਿਹਤਰ ਨਤੀਜੇ ਨਿਕਲਦੇ ਹਨ ਅਤੇ ਹੈਲਥ ਕੇਅਰ ਵਿਚ ਸੁਧਾਰ ਹੁੰਦਾ ਹੈ।

# ਵੀ ਸੀ ਐੱਚ ਦੇ ਮੂਲ ਆਧਾਰ

ਸਾਰਿਆਂ ਲਈ ਇਲਾਜ ਦਾ ਉੱਤਮ ਅਨੁਭਵ ਪ੍ਰਦਾਨ ਕਰਨ ਦੇ ਆਪਣੇ ਵਚਨ ਦੇ ਹਿੱਸੇ ਵਜੋਂ, ਅਸੀਂ ਆਪਣੇ ਪ੍ਰੋਗਰਾਮਾਂ ਅਤੇ ਸੇਵਾਵਾਂ ਵਿਚ ਸੁਧਾਰ ਕਰਨ ਦੇ ਲਗਾਤਾਰ ਤਰੀਕੇ ਲੱਭਦੇ ਹਾਂ ਤਾਂ ਜੋ ਇਹ ਪੱਕਾ ਹੋਵੇ ਕਿ ਉਹ ਸਭਿਆਚਾਰਕ ਤੌਰ 'ਤੇ ਸੁਰੱਖਿਅਤ, ਸਤਿਕਾਰ ਵਾਲੇ ਅਤੇ ਢੁਕਵੇਂ ਹਨ, ਅਤੇ ਇਲਾਜ ਦੀ ਨਿਰਪੱਖਤਾ ਨੂੰ ਅੱਗੇ ਵਧਾਉਂਦੇ ਹਨ। ਇਹ ਗੱਲ ਮਨ ਵਿਚ ਰੱਖ ਕੇ, ਅਤੇ ਅਸੀਂ ਹਰ ਇਕ ਦਾ ਖਿਆਲ ਰੱਖਦੇ ਹਾਂ  ਦੀਆਂ ਮੁੱਖ ਕਦਰਾਂ-ਕੀਮਤਾਂ ਦੀ ਸੇਧ ਨਾਲ, ਅਸੀਂ ਸਦਾ ਸਿੱਖ ਰਹੇ ਹਾਂ ਅਤੇ ਅਸੀਂ ਬਿਹਤਰ ਨਤੀਜਿਆਂ ਲਈ ਪੂਰੀ ਵਾਹ ਲਾਉਂਦੇ ਹਾਂ, ਅਸੀਂ ਵੀ ਸੀ ਐੱਚ ਦੇ ਆਪਣੇ ਚਾਰ ਮੂਲ ਆਧਾਰ ਪੇਸ਼ ਕੀਤੇ ਹਨ।

**ਸਾਡੇ ਮੂਲ ਆਧਾਰ, ਸੁਰੱਖਿਅਤ, ਕੁਆਲਟੀ ਦੀ ਸੰਭਾਲ ਲਈ ਸਾਡੀ ਵਚਨਬੱਧਤਾ ਨੂੰ ਕਾਇਮ ਰੱਖਣ ਲਈ ਸਾਨੂੰ ਸੇਧ ਦਿੰਦੇ ਹਨ।**

## ਆਦਿਵਾਸੀ ਸਭਿਆਚਾਰ ਦੀ ਸੁਰੱਖਿਆ

ਆਦਿਵਾਸੀ ਲੋਕਾਂ ਨੂੰ ਹਰ ਰੋਜ਼, ਹਰ ਤਰੀਕੇ ਨਾਲ ਸਭਿਆਚਾਰਕ ਤੌਰ 'ਤੇ ਸੁਰੱਖਿਅਤ ਸੰਭਾਲ ਪ੍ਰਦਾਨ ਕਰਨਾ।

## ਨਿਰਪੱਖਤਾ, ਭਿੰਨਤਾ ਅਤੇ ਸ਼ਮੂਲੀਅਤ

ਜੁੜੇ ਹੋਣ ਦੀ ਭਾਵਨਾ ਨੂੰ ਉਤਸ਼ਾਹ ਦੇਣਾ ਜਿੱਥੇ ਅਸੀਂ ਸਾਰੇ ਆਪਣੇ ਆਪ ਨੂੰ ਸਮੁੱਚੇ ਤੌਰ 'ਤੇ ਵੀ ਸੀ ਐੱਚ ਨੂੰ ਲਿਆ ਸਕਦੇ ਹਾਂ।

## ਨਸਲਵਾਦ ਵਿਰੋਧੀ

ਅਜਿਹਾ ਭਾਈਚਾਰਾ ਉਸਾਰਨਾ ਜਿੱਥੇ ਅਸੀਂ ਅਜਿਹੇ ਵਿਹਾਰਾਂ, ਅਮਲਾਂ ਅਤੇ ਤਰੀਕਿਆਂ ਨੂੰ ਤੋੜਦੇ ਹਾਂ ਜਿਹੜੇ ਲੋਕਾਂ 'ਤੇ ਉਨ੍ਹਾਂ ਦੀ ਨਸਲ ਜਾਂ ਪਿਛੋਕੜ ਦੇ ਆਧਾਰ 'ਤੇ ਅਸਰ ਪਾਉਂਦੇ ਹਨ।

## ਗ੍ਰਹਿ ਦੀ ਸਿਹਤ

ਲੋਕਾਂ ਨੂੰ ਸਿਹਤਮੰਦ ਈਕੋਸਿਸਟਮ ਬਣਾਉਣ, ਬਹਾਲ ਕਰਨ, ਰਾਖੀ ਕਰਨ ਅਤੇ ਸੰਭਾਲਣ ਲਈ ਪ੍ਰੇਰਿਤਾ ਕਰਨਾ।

# ਆਦਿਵਾਸੀ ਸਭਿਆਚਾਰ ਦੀ ਸੁਰੱਖਿਆ

## ਸਭਿਆਚਾਰਕ ਤੌਰ 'ਤੇ ਸੁਰੱਖਿਅਤ ਸੰਭਾਲ ਤੱਕ ਪਹੁੰਚ ਵਿਚ ਵਾਧਾ ਕਰਨਾ

ਅਸੀਂ ਬੀ.ਸੀ. ਵਿਚ ਆਦਿਵਾਸੀ ਲੋਕਾਂ ਵਲੋਂ ਹੰਢਾਏ ਗਏ ਸਿਹਤ ਅਤੇ ਸਮਾਜਿਕ ਫਰਕਾਂ ਦੇ ਪਾੜੇ ਨੂੰ ਬੰਦ ਕਰਨ ਵਿਚ ਮਦਦ ਲਈ ਸਭਿਆਚਾਰਕ ਤੌਰ 'ਤੇ ਸੁਰੱਖਿਅਤ ਸੰਭਾਲ ਤੱਕ ਪਹੁੰਚ ਵਿਚ ਸੁਧਾਰ ਕਰਨ ਲਈ ਵਚਨਬੱਧ ਹਾਂ।

ਇਸ ਸਾਲ, ਅਸੀਂ ਵੈਨਕੂਵਰ ਜਨਰਲ ਹਸਪਤਾਲ (Vancouver General Hospital) ਅਤੇ 50 ਤਰਜੀਹੀ ਕਲੀਨਿਕਾਂ ਵਿਚ ਅਕਿਊਟ ਕੇਅਰ ਜਾਂ ਹਸਪਤਾਲ ਵਿਚ ਦਾਖਲ ਹੋ ਕੇ ਲਈਆਂ ਜਾਣ ਵਾਲੀਆਂ ਸੇਵਾਵਾਂ ਲਈ ਆਉਣ ਵਾਲੇ ਸਾਰੇ ਮਰੀਜ਼ਾਂ ਨੂੰ ਇਹ ਪੁੱਛਣ ਦਾ ਇਕ ਪ੍ਰੋਗਰਾਮ ਸ਼ੁਰੂ ਕੀਤਾ ਕਿ ਕੀ ਉਹ ਰਜਿਸਟਰੇਸ਼ਨ ਦੀ ਕਾਰਵਾਈ ਦੌਰਾਨ ਆਦਿਵਾਸੀ ਵਜੋਂ ਸਵੈ-ਪਛਾਣ ਕਰਵਾਉਣਾ ਚਾਹੁੰਦੇ ਹਨ। ਆਪਣੇ ਨਵੇਂ CST Cerner ਡਿਜੀਟਲ ਪੇਸ਼ੈਂਟ ਰਿਕਾਰਡਜ਼ ਸਿਸਟਮ ਦੀ ਵਰਤੋਂ ਕਰਦੇ ਹੋਏ, ਹੁਣ ਅਸੀਂ ਸੌਖ ਨਾਲ ਹੀ ਸਵੈ-ਪਛਾਣ ਦਾ ਪਤਾ ਲਾ ਸਕਦੇ ਹਾਂ, ਜੋ ਕਿ ਇਕ ਸਚੇਤ, ਮਰਜ਼ੀ ਵਾਲਾ ਅਤੇ ਸ਼ਾਮਲ ਕਰਨ ਵਾਲਾ ਤਰੀਕਾ ਹੈ। ਇਹ ਜਾਣਕਾਰੀ ਹੁਣ ਮਰੀਜ਼ ਦੇ ਰਿਕਾਰਡ ਵਿਚ ਸ਼ਾਮਲ ਹੋਣ ਨਾਲ, ਸਾਡੀਆਂ ਟੀਮਾਂ ਇਲਾਜ ਦੀ ਨਿੱਜੀ ਪਲੈਨ ਦੇ ਹਿੱਸੇ ਵਜੋਂ ਸਭਿਆਚਾਰਕ ਤੌਰ 'ਤੇ ਸੁਰੱਖਿਅਤ ਸੰਭਾਲ ਅਤੇ ਮਦਦਾਂ ਪ੍ਰਦਾਨ ਕਰਨ ਦੇ ਬਿਹਤਰ ਯੋਗ ਹਨ।

ਮਰੀਜ਼ ਦੇ ਰਿਕਾਰਡ ਵਿਚ ਆਦਿਵਾਸੀ ਹੋਣ ਦੀ ਸਵੈ-ਪਛਾਣ, ਸਟਾਫ ਦੀ ਸਭਿਆਚਾਰਕ ਸੁਰੱਖਿਆ ਬਾਰੇ ਟਰੇਨਿੰਗ ਨਾਲ ਰਲ ਕੇ, ਆਦਿਵਾਸੀ ਲੋਕਾਂ ਦੀਆਂ ਸਿਹਤ ਲੋੜਾਂ ਬਾਰੇ ਗਿਆਨ ਵਧਾਇਆ ਹੈ। ਨਤੀਜੇ ਵਜੋਂ, ਸਾਡੀ ਆਦਿਵਾਸੀ ਮਰੀਜ਼ਾਂ ਦੇ ਅਨੁਭਵ ਦੀ ਟੀਮ ਨੂੰ ਰੈਫਰਲਜ਼ 2022 ਦੇ ਪਿਛਲੇ ਕੁਝ ਮਹੀਨਿਆਂ ਵਿਚ ਦੁੱਗਣੀਆਂ ਤੋਂ ਵਧ ਹੋ ਗਈਆਂ ਹਨ ਅਤੇ ਅਸੀਂ ਸਭਿਆਚਾਰਕ ਮਦਦ ਲਈ ਐਲਡਰਜ਼ (Elders) ਨੂੰ ਰੈਫਰਲਜ਼ ਵਿਚ ਵਾਧਾ ਦੇਖਿਆ ਹੈ।

ਅਸੀਂ ਆਪਣੀ ਆਦਿਵਾਸੀ ਮਰੀਜ਼ਾਂ ਦੇ ਅਨੁਭਵ ਦੀ ਟੀਮ (Indigenous Patient Experience team) ਵਿਚ ਵਾਧਾ ਕਰਨਾ ਜਾਰੀ ਰੱਖ ਰਹੇ ਹਾਂ, ਅਤੇ ਅਗੇਤਾ ਡੈਟਾ ਇਹ ਇਸ਼ਾਰਾ ਕਰ ਰਿਹਾ ਹੈ ਕਿ ਉਨ੍ਹਾਂ ਦੇ ਕੰਮ ਨੇ ਸ਼ਿਕਾਇਤਾਂ ਦੀ ਗਿਣਤੀ ਘਟਾਉਣੀ ਸ਼ੁਰੂ ਕਰ ਦਿੱਤੀ ਹੈ।

- **ਹੋਰ ਇਨਡਿਜਨੈਸ ਪੇਸ਼ੈਂਟ ਨੈਵੀਗੇਟਰਜ਼ (ਆਈ ਪੀ ਐੱਨਜ਼) (Indigenous Patient Navigators (IPNs)) ਰੱਖੇ ਹਨ ਅਤੇ ਐਲਡਰਜ਼ ਇਨ ਰੈਜ਼ੀਡੈਂਸ ਕੋਆਰਡੀਨੇਟਰ ਲਈ ਇਕ ਫੁੱਲ-ਟਾਈਮ ਜੌਬ ਸ਼ੁਰੂ ਕੀਤੀ ਹੈ।**
- **ਆਈ ਪੀ ਐੱਨਜ਼ ਸ਼ਹਿਰੀ ਹਸਪਤਾਲਾਂ ਵਿਚ ਕੁਝ ਸਮੇਂ ਤੋਂ ਮਰੀਜ਼ਾਂ ਦੀ ਮਦਦ ਕਰ ਰਹੇ ਹਨ ਅਤੇ ਅਸੀਂ ਹੁਣ ਸੇਵਾਵਾਂ Bella Bella, Bella Coola, Sechelt/shíshálh ਅਤੇ qathet ਇਲਾਕੇ ਤੱਕ ਵਧਾਈਆਂ ਹਨ।**
- **ਸ਼ਹਿਰੀ ਇਲਾਕਿਆਂ ਵਿਚ ਕੰਮ ਕਰਦੇ ਆਈ ਪੀ ਐੱਨਜ਼ ਨੇ ਆਪਣੇ ਘੰਟੇ ਵਧਾਏ ਹਨ ਅਤੇ ਉਹ ਹਫਤੇ ਦੇ ਸੱਤੇ ਦਿਨ ਉਪਲਬਧ ਹਨ।**
- **ਆਈ ਪੀ ਐੱਨਜ਼ (IPNs) ਦੋ ਇਨਡਿਜਨੈਸ ਪੇਸ਼ੈਂਟ ਕੁਆਲਟੀ ਲੀਏਜ਼ਾਨਜ਼ (Indigenous Patient Quality Liaisons) ਦੇ ਯਤਨਾਂ ਵਿਚ ਵਾਧਾ ਕਰਦੇ ਹਨ ਜਿਹੜੇ ਆਦਿਵਾਸੀ ਮਰੀਜ਼ਾਂ ਦੀਆਂ ਸ਼ਿਕਾਇਤਾਂ ਦਾ ਸਭਿਆਚਾਰਕ ਤੌਰ `ਤੇ ਸੁਰੱਖਿਅਤ, ਨਿਰਪੱਖ ਅਤੇ ਰਾਜ਼ੀ ਕਰਨ ਵਾਲੇ ਤਰੀਕੇ ਨਾਲ ਹੱਲ ਕਰਨ ਵਿਚ ਮਦਦ ਕਰਨ ਲਈ 2021 ਵਿਚ ਵੀ ਸੀ ਐੱਚ ਨਾਲ ਜੁੜੇ।**

# ਨਿਰਪੱਖਤਾ, ਭਿੰਨਤਾ ਅਤੇ ਸ਼ਮੂਲੀਅਤ

## ਸਵੈ-ਪਛਾਣ ਅਤੇ ਕੰਮ ਦੀ ਥਾਂ ਦੇ ਤਜਰਬੇ ਦਾ ਸਰਵੇ

ਭਿੰਨਤਾ ਦੇ ਸਾਰੇ ਪੱਖਾਂ ਦੀ ਪਛਾਣ ਕਰਨ ਲਈ, ਜਿਸ ਵਿਚ ਲਿੰਗ ਪਛਾਣ, ਨਸਲ ਅਤੇ ਪਿਛੋਕੜ, ਕਾਮੁਕ ਪਛਾਣ, ਆਦਿਵਾਸੀ ਪਛਾਣ ਅਤੇ ਡਿਸਏਬਿਲਟੀ ਸ਼ਾਮਲ ਹਨ, ਬਹੁਤ ਵਧੀਆ ਸੰਭਾਲ ਦੇਣ ਅਤੇ ਕੰਮ ਕਰਨ ਲਈ ਬਹੁਤ ਵਧੀਆ ਥਾਂ ਬਣਾਉਣ ਲਈ ਜ਼ਰੂਰੀ ਹਨ।

ਸੰਸਥਾ ਵਿਚ ਨਿਰਪੱਖਤਾ, ਭਿੰਨਤਾ ਅਤੇ ਸ਼ਮੂਲੀਅਤ (ਈ ਡੀ ਆਈ) (EDI) ਨੂੰ ਵਧਾਉਣ ਦੀ ਵਚਨਬੱਧਤਾ ਨਾਲ, ਸਾਡੀ ਟੀਮ ਵੀ ਸੀ ਐੱਚ ਦੀਆਂ ਨੀਤੀਆਂ, ਅਮਲਾਂ, ਪ੍ਰੋਗਰਾਮਾਂ ਅਤੇ ਸੇਵਾਵਾਂ ਵਿਚ ਈ ਡੀ ਆਈ ਦੇ ਸਿਧਾਂਤ ਜੜਨ ਲਈ ਸਟਾਫ ਅਤੇ ਮੈਡੀਕਲ ਸਟਾਫ ਨੂੰ ਨਾਲ ਜੋੜਦੀ ਹੈ। ਈ ਡੀ ਆਈ ਟੀਮ ਚਾਰ ਮੁੱਖ ਟੀਚਿਆਂ 'ਤੇ ਕੇਂਦਰਿਤ ਹੈ:

1. **ਅਜਿਹੇ ਵਰਕਰ ਜਿਹੜੇ ਵੱਡੇ ਪੱਧਰ 'ਤੇ ਭਾਈਚਾਰੇ ਦਾ ਅਕਸ ਦਿਖਾਉਂਦੇ ਹਨ।**
2. **ਸਿਸਟਮ ਵਿਚਲੀਆਂ ਰੁਕਾਵਟਾਂ ਦੀ ਪਛਾਣ ਕਰੋ ਅਤੇ ਇਨ੍ਹਾਂ ਦਾ ਹੱਲ ਕਰੋ।**
3. **ਉਨ੍ਹਾਂ ਯੋਗ, ਵੱਖ ਵੱਖ ਵਰਕਰਾਂ ਨੂੰ ਆਕਰਸ਼ਤ ਕਰੋ ਅਤੇ ਰੱਖੀ ਰੱਖੋ ਜਿਹੜੇ ਸ਼ਾਮਲ ਅਤੇ ਆਦਰ ਕਰਨ ਵਾਲੇ ਤਰੀਕੇ ਨਾਲ ਕੰਮ ਕਰਨ ਲਈ ਹੁਨਰਮੰਦ ਹਨ।**
4. **ਅਜਿਹੀਆਂ ਨੀਤੀਆਂ, ਪਲੈਨਾਂ, ਪ੍ਰੋਗਰਾਮ, ਅਮਲ ਅਤੇ ਸੇਵਾਵਾਂ ਤਿਆਰ ਕਰੋ ਜਿਹੜੀਆਂ ਸਾਡੇ ਸਟਾਫ, ਮੈਡੀਕਲ ਸਟਾਫ, ਕਲਾਇੰਟਾਂ ਅਤੇ ਕਮਿਊਨਟੀ ਦੀਆਂ ਵੱਖ ਵੱਖ ਲੋੜਾਂ ਪੂਰੀਆਂ ਕਰਦੀਆਂ ਹਨ।**

ਇਕ ਮਹੱਤਵਪੂਰਨ ਕਦਮ ਆਪਣੇ ਵਰਕਰਾਂ ਦੀ ਹਾਲਤ ਅਤੇ ਲੋੜਾਂ ਨੂੰ ਸਮਝਣਾ ਹੈ ਅਤੇ ਆਪਣੀਆਂ ਕੰਮ ਦੀਆਂ ਥਾਂਵਾਂ ਵਿਚ ਸੁਧਾਰ ਕਰਨ ਲਈ ਮੌਕਿਆਂ ਦੀ ਪਛਾਣ ਕਰਨਾ ਹੈ। ਸਾਲ 2022 ਵਿਚ, ਵੀ ਸੀ ਐੱਚ ਨੇ ਸਾਰੇ ਸਟਾਫ ਅਤੇ ਮੈਡੀਕਲ ਸਟਾਫ ਲਈ ਈ ਡੀ ਆਈ 'ਤੇ ਕੇਂਦਰਿਤ ਸਵੈ-ਪਛਾਣ ਦਾ ਅਤੇ ਕੰਮ ਦੀ ਥਾਂ 'ਤੇ ਤਜਰਬੇ ਦਾ ਇਕ ਗੁਮਨਾਮ ਸਰਵੇ ਸ਼ੁਰੂ ਕੀਤਾ। ਸੰਵੇਦਨਸ਼ੀਲ ਜਾਣਕਾਰੀ ਇਕੱਠੀ ਕਰਨ ਅਤੇ ਉਨ੍ਹਾਂ ਸੰਭਾਵੀ ਨੁਕਸਾਨਾਂ ਨੂੰ ਘੱਟ ਕਰਨ ਲਈ ਸਦਮੇ ਆਧਾਰਿਤ ਜਾਣਕਾਰੀ ਅਤੇ ਸਭਿਆਚਾਰਕ ਤੌਰ `ਤੇ ਸੁਰੱਖਿਅਤ ਤਰੀਕਾ ਅਪਣਾਉਣ ਲਈ ਅਸੀਂ ਇਨਡਿਜਨੈਸ ਹੈਲਥ ਟੀਮ (Indigenous Health team) ਨਾਲ ਸਾਂਝੀਦਾਰੀ ਵਿਚ ਨੇੜਿਉਂ ਕੰਮ ਕੀਤਾ ਹੈ ਜਿਹੜੇ ਡੈਟਾ ਇਕੱਠਾ ਕਰਨ ਨਾਲ ਹੋ ਸਕਦੇ ਹਨ। ਇਹ **ਐਂਟੀ-ਰੇਸਿਜ਼ਮ ਡੈਟਾ ਐਕਟ (anti-racism data act)** ਨਾਲ ਮੇਲ ਖਾਂਦਾ ਹੈ।

ਸਰਵੇ ਤੋਂ ਮਿਲੀ ਸੂਝ, ਸਭਿਆਚਾਰਕ ਤੌਰ `ਤੇ ਸੁਰੱਖਿਅਤ, ਸ਼ਾਮਲ ਕਰਨ ਵਾਲਾ ਕੰਮ ਦਾ ਮਾਹੌਲ ਪ੍ਰਦਾਨ ਕਰਨ ਲਈ ਜਾਣਕਾਰੀ ਦੇਵੇਗੀ ਜਿਹੜਾ ਸੰਭਾਲ ਪ੍ਰਦਾਨ ਕਰਨ ਵਿਚ ਸਾਡੇ ਵੱਖ ਵੱਖ ਵਰਕਰਾਂ ਦਾ ਜਸ਼ਨ ਮਨਾਉਂਦਾ ਹੈ।

# ਨਸਲਵਾਦ ਵਿਰੋਧੀ

## ਨਸਲਵਾਦ ਵਿਰੋਧੀ ਸੰਸਥਾ ਬਣਾਉਣਾ

ਆਦਿਵਾਸੀ, ਕਾਲੇ ਅਤੇ ਰੰਗਦਾਰ ਲੋਕਾਂ ਨਾਲ ਨਸਲਵਾਦ ਅਤੇ ਪੱਖਪਾਤ ਹੈਲਥ ਕੇਅਰ ਸਿਸਟਮ ਵਿਚ ਵੱਡੇ ਪੱਧਰ 'ਤੇ ਮੌਜੂਦ ਹਨ ਅਤੇ ਇਸ ਨਾਲ ਗੰਭੀਰ ਨੁਕਸਾਨ ਹੁੰਦਾ ਹੈ। ਸਾਰੇ ਮਰੀਜ਼ਾਂ ਅਤੇ ਕਲਾਇੰਟਾਂ ਨੂੰ ਨਸਲਵਾਦ ਅਤੇ ਵਿਤਕਰੇ ਤੋਂ ਬਿਨਾਂ ਸਿਹਤ ਸੇਵਾਵਾਂ ਲੈਣ ਦਾ ਹੱਕ ਹੈ। ਅਸੀਂ ਅਰਥਪੂਰਨ, ਸਿਸਟਮਬੱਧ ਤਬਦੀਲੀ ਦੀ ਲੋੜ ਨੂੰ ਸਮਝਦੇ ਹਾਂ ਅਤੇ ਯੋਗ ਸੁਧਾਰਾਂ ਨੂੰ ਕਾਇਮ ਰੱਖਣ ਲਈ ਵਚਨਬੱਧ ਹਾਂ ਜਿਹੜੇ ਮਨੁੱਖੀ ਅਧਿਕਾਰਾਂ ਅਤੇ ਸਿਹਤ ਦੇ ਹੱਕ ਨੂੰ ਕੇਂਦਰ ਬਣਾਉਣ।

ਸਾਲ 2022 ਵਿਚ ਅਸੀਂ ਆਦਿਵਾਸੀ ਸਭਿਆਚਾਰਕ ਸੁਰੱਖਿਆ ਦੇ ਆਪਣੇ ਕੰਮ ਨੂੰ ਪੂਰਾ ਕਰਨ ਅਤੇ ਇਲਾਜ ਦੀਆਂ ਸੇਵਾਵਾਂ ਦੇਣ ਵਿਚ ਜ਼ਿਆਦਾ ਨਿਰਪੱਖਤਾ, ਭਿੰਨਤਾ ਅਤੇ ਸ਼ਮੂਲੀਅਤ ਨੂੰ ਉਤਸ਼ਾਹ ਦੇਣ ਲਈ ਇਕ ਨਸਲਵਾਦ ਵਿਰੋਧੀ ਪ੍ਰੋਗਰਾਮ ਸ਼ੁਰੂ ਕੀਤਾ।

**ਇਸ ਪ੍ਰੋਗਰਾਮ ਦਾ ਮਕਸਦ ਇਹ ਕਰਨਾ ਹੈ:**

1. **ਨਸਲਵਾਦ ਨੂੰ ਮੰਨਣਾ, ਇਸ ਦਾ ਹੱਲ ਕਰਨਾ ਅਤੇ ਇਸ ਦੀ ਨਿਖੇਧੀ ਕਰਨਾ ਅਤੇ ਅਜਿਹਾ ਮਾਹੌਲ ਤਿਆਰ ਕਰਨਾ ਜਿੱਥੇ ਮਰੀਜ਼ਾਂ, ਕਲਾਇੰਟਾਂ ਅਤੇ ਵਸਨੀਕਾਂ ਨੂੰ ਸੁਰੱਖਿਅਤ, ਕੁਆਲਟੀ ਦੀ ਹੈਲਥ ਕੇਅਰ ਮਿਲਦੀ ਹੈ ਜਿਹੜੀ ਕਿ ਨਸਲਵਾਦ ਅਤੇ ਵਿਤਕਰੇ ਤੋਂ ਮੁਕਤ ਹੈ।**
2. **ਅਜਿਹਾ ਮਾਹੌਲ ਤਿਆਰ ਕਰਨਾ ਜਿੱਥੇ ਸਟਾਫ ਅਤੇ ਮੈਡੀਕਲ ਸਟਾਫ ਨਸਲਵਾਦ ਦੇ ਵਿਰੁੱਧ ਬੋਲਣ ਅਤੇ ਵਿਤਕਰਾ ਹੋਣ 'ਤੇ ਇਸ ਦਾ ਹੱਲ ਕਰਨ ਵਿਚ ਸੁਰੱਖਿਅਤ ਮਹਿਸੂਸ ਕਰਦਾ ਹੈ, ਇਹ ਜਾਣਦੇ ਹੋਏ ਕਿ ਉਨ੍ਹਾਂ ਨੂੰ ਲੀਡਰਾਂ ਦੀ ਪੂਰੀ ਹਿਮਾਇਤ ਹਾਸਲ ਹੈ।**




ਸਾਡੇ ਨਸਲਵਾਦ ਵਿਰੋਧੀ ਪ੍ਰੋਗਰਾਮ ਦਾ ਬਣਨਾ, ਹਕੀਕੀ ਤਜਰਬਿਆਂ ਨੂੰ ਸਮਝਣ, ਸੇਫਟੀ ਦੇ ਰਾਹ ਵਿਚਲੀਆਂ ਰੁਕਾਵਟਾਂ ’ਤੇ ਵਿਚਾਰ ਵਟਾਂਦਰਾ ਕਰਨ ਅਤੇ ਨਸਲਵਾਦ ਵਿਰੋਧੀ ਸੰਸਥਾ ਬਣਨ ਲਈ ਸੰਭਵ ਐਕਸ਼ਨਾਂ ’ਤੇ ਵਿਚਾਰ ਲੈਣ ਲਈ ਆਪਣੇ ਸਟਾਫ ਅਤੇ ਮੈਡੀਕਲ ਸਟਾਫ ਨਾਲ ਗੱਲਬਾਤ ਦੇ ਸੈਸ਼ਨਾਂ ਨਾਲ ਸ਼ੁਰੂ ਹੋਇਆ। ਸ਼ਮੂਲੀਅਤ ਦਾ ਅਗਲਾ ਪੜਾ ਸਾਡੇ ਮਰੀਜ਼ਾਂ, ਕਲਾਇੰਟਾਂ ਅਤੇ ਕਮਿਊਨਟੀ ਵਿਚਲੇ ਹਿੱਸੇਦਾਰਾਂ ਨਾਲ ਸਾਡੀ ਬਾਹਰੀ ਗੱਲਬਾਤ ’ਤੇ ਧਿਆਨ ਦੇਵੇਗਾ।

ਸ਼ਮੂਲੀਅਤ ਦੀਆਂ ਸਰਗਰਮੀਆਂ ਤੋਂ ਮਿਲੇ ਵਿਚਾਰ, ਨਸਲਵਾਦ ਵਿਰੋਧੀ ਸੰਸਥਾ ਬਣਨ ਦੇ ਸਾਡੇ ਸਫ਼ਰ ਵਿਚ ਵੀ ਸੀ ਐੱਚ ਦੀ ਇਕ ਵਿਆਪਕ ਨਸਲਵਾਦ ਵਿਰੋਧੀ ਐਕਸ਼ਨ ਪਲੈਨ ਬਣਾਉਣ ਵਿਚ ਮਦਦ ਕਰਨਗੇ। ਸਾਡਾ ਉਦੇਸ਼ ਇਹ ਸਮਝਣਾ ਹੈ ਕਿ ਨਸਲਵਾਦ ਨੂੰ ਕਿਵੇਂ ਦੇਖਿਆ ਅਤੇ ਹੰਢਾਇਆ ਜਾਂਦਾ ਹੈ, ਨਸਲਵਾਦ ਕਿਵੇਂ ਸੇਵਾਵਾਂ ਦੇਣ ਅਤੇ ਹੈਲਥ ਕੇਅਰ ਤੱਕ ਪਹੁੰਚ ’ਤੇ ਅਸਰ ਪਾਉਂਦਾ ਹੈ, ਅਤੇ ਅਸੀਂ ਕਿਵੇਂ ਇਸ ਦੀ ਰਿਪੋਰਟ ਕਰਨ ਅਤੇ ਜਵਾਬਦੇਹੀ ਲਈ ਸੇਫਟੀ ਅਤੇ ਭਰੋਸੇ ਵਿਚ ਸੁਧਾਰ ਕਰ ਸਕਦੇ ਹਾਂ। ਆਪਣੇ ਐਕਸ਼ਨਾਂ ਦੇ ਨਤੀਜੇ ਵਜੋਂ ਅਸੀਂ ਅਗਲੇ ਕਈ ਸਾਲਾਂ ਦੌਰਾਨ ਆਪਣੇ ਸੁਧਾਰਾਂ ਨੂੰ ਸਾਂਝਾ ਕਰਨ ਦੀ ਉਮੀਦ ਰੱਖਦੇ ਹਾਂ।

# ਗ੍ਰਹਿ ਦੀ ਸਿਹਤ

## ਹੈਲਥ ਕੇਅਰ ਵਿਚ ਕਾਇਮ ਰਹਿਣ ਯੋਗਤਾ ਨੂੰ ਜੋੜਨਾ

**ਗ੍ਰਹਿ ਦੀ ਸਿਹਤ (Planetary health) ਤੋਂ ਭਾਵ ਸਾਡੇ ਗ੍ਰਹਿ (ਪਲੈਨਿੱਟ) ਦੀ ਸਿਹਤ ਅਤੇ ਸਾਡੇ ਭਾਈਚਾਰਿਆਂ ਦੀ ਸਿਹਤ ਵਿਚਕਾਰ ਇਕ ਦੂਜੇ `ਤੇ ਨਿਰਭਰ ਸੰਬੰਧ ਤੋਂ ਹੈ।**

ਅੱਤ ਦੇ ਤਾਪਮਾਨਾਂ, ਜੰਗਲੀ ਅੱਗਾਂ, ਸੋਕਿਆਂ, ਤੂਫਾਨਾਂ ਅਤੇ ਹੜ੍ਹਾਂ ਦਾ ਪਹਿਲਾਂ ਹੀ ਮਨੁੱਖੀ ਸਿਹਤ ਅਤੇ ਵੀ ਸੀ ਐੱਚ ਭਰ ਵਿਚ ਇਲਾਜ ਦੀ ਡਲਿਵਰੀ ਉੱਪਰ ਮਾੜਾ ਅਸਰ ਪੈ ਚੁੱਕਾ ਹੈ। ਭਾਵੇਂ ਕਿ ਜਲਵਾਯੂ ਵਿਚ ਤਬਦੀਲੀ ਦੇ ਮਨੁੱਖੀ ਸਿਹਤ ਅਤੇ ਇਲਾਜ ਦੀ ਡਲਿਵਰੀ ਉੱਪਰ ਅਸਰ ਸਪਸ਼ਟ ਹਨ, ਅਸੀਂ ਇਹ ਵੀ ਜਾਣਦੇ ਹਾਂ ਕਿ ਹੈਲਥ ਕੇਅਰ ਸਿਸਟਮ ਦਾ ਵੀ ਵਾਤਾਵਰਣ 'ਤੇ ਕਾਫੀ ਅਸਰ ਪੈਂਦਾ ਹੈ ਅਤੇ ਇਹ ਜਲਵਾਯੂ ਵਿਚ ਤਬਦੀਲੀ ਵਿਚ ਹਿੱਸਾ ਪਾਉਂਦਾ ਹੈ।

ਇਨ੍ਹਾਂ ਇੰਟਰਸੈਕਸ਼ਨਾਂ ਅਤੇ ਅਸਰਾਂ ਵੱਲ ਧਿਆਨ ਦੇਣ ਵਾਸਤੇ, ਵੀ ਸੀ ਐੱਚ ਗ੍ਰਹਿ ਦੀ ਸਿਹਤ ਨੂੰ ਆਪਣੀ ਜੁਗਤੀ ਪਲੈਨ ਵਿਚ ਸ਼ਾਮਲ ਕਰਨ ਲਈ, ਬੀ.ਸੀ. ਵਿਚ ਹੈਲਥ ਕੇਅਰ ਦੀ ਪਹਿਲੀ ਸੰਸਥਾ ਬਣ ਗਈ ਹੈ ਅਤੇ ਇਹ ਗ੍ਰਹਿ ਦੀ ਸਿਹਤ ਦੇ ਸਿਧਾਂਤਾਂ ਨੂੰ ਆਪਣੇ ਵਲੋਂ ਕੀਤੀ ਜਾ ਰਹੀ ਹਰ ਚੀਜ਼ ਵਿਚ ਜੋੜਨ ਲਈ ਵਚਨਬੱਧ ਹੈ; ਆਪਣੇ ਸਥਾਨਾਂ ਦੇ ਪ੍ਰਬੰਧ ਤੋਂ ਲੈ ਕੇ ਸੰਭਾਲ ਕਰਨ ਲਈ ਸਾਡੇ ਵਲੋਂ ਵਰਤੀਆਂ ਜਾਂਦੀਆਂ ਸਪਲਾਈਆਂ ਤੱਕ।

ਇਹ ਉੱਦਮ ਓਨਾ ਹੀ ਜੋਸ਼ ਭਰਿਆ ਹੈ ਜਿੰਨਾ ਇਹ ਬੁਨਿਆਦੀ ਤੌਰ 'ਤੇ ਸਹਿਯੋਗ ਵਾਲਾ ਹੈ। ਅਸੀਂ ਹਿੱਤ ਰੱਖਣ ਵਾਲੀਆਂ ਵੱਖ ਵੱਖ ਧਿਰਾਂ ਅਤੇ ਟੀਮਾਂ ਨੂੰ ਇਕੱਠਾ ਕਰ ਰਹੇ ਹਾਂ ਜਿਹੜੀਆਂ ਸਿਹਤਮੰਦ ਭਾਈਚਾਰਿਆਂ ਅਤੇ ਸਿਹਤਮੰਦ ਵਾਤਾਵਰਣ ਦੀ ਮਦਦ ਕਰਨ ਲਈ ਅਸਲੀ, ਅਰਥਪੂਰਨ ਤਬਦੀਲੀਆਂ ਕਰ ਰਹੀਆਂ ਹਨ।

ਇਸ ਮਹੱਤਵਪੂਰਨ ਕੰਮ ਦੀ ਅਗਵਾਈ ਵੀ ਸੀ ਐੱਚ ਦਾ ਸਟਰੈਟਜੀ ਐਂਡ ਇਨੋਵੇਸ਼ਨ ਆਫਿਸ ਅਤੇ ਪਲੈਨਟੇਰੀ ਹੈਲਥ ਕੋਲੈਬਰੇਟਿਵ ਕਰ ਰਿਹਾ ਹੈ ਜੋ ਸਸਟੇਨੇਬਲ ਕਲਿਨੀਕਲ ਸਰਵਿਸਿਜ਼, ਪਬਲਿਕ ਹੈਲਥ ਐਂਡ ਐਨਰਜੀ ਐਂਡ ਇਨਵਾਇਰਨਮੈਂਟਲ ਸਸਟੇਨੇਬਿਲਟੀ ਵਿਚਲੇ ਸਟਾਫ ਅਤੇ ਮੈਡੀਕਲ ਸਟਾਫ ਤੋਂ ਬਣਿਆ ਹੋਇਆ ਹੈ।

- ਸਸਟੇਨੇਬਲ ਕਲਿਨੀਕਲ ਸਰਵਿਸਿਜ਼ ਟੀਮ ਇਹ ਪੱਕਾ ਕਰਦੀ ਹੈ ਕਿ ਅਸੀਂ ਵਾਤਾਵਰਣ ’ਤੇ ਆਪਣੇ ਅਸਰਾਂ ਨੂੰ ਸੀਮਤ ਕਰਨ ਲਈ ਕਲਿਨੀਕਲ ਫੈਸਲੇ ਕਰਦੇ ਹੋਏ ਅਤੇ ਕਾਰਜਾਂ ਵਿਚ ਸੁਧਾਰ ਕਰਦੇ ਹੋਏ ਉੱਚ ਪੱਧਰ ਦੀ, ਘੱਟ ਕਾਰਬਨ ਵਾਲੀ ਕੇਅਰ ਡਲਿਵਰ ਕਰ ਰਹੇ ਹਾਂ।

- ਪਬਲਿਕ ਹੈਲਥ ਟੀਮ, ਜਲਵਾਯੂ ਵਿਚ ਤਬਦੀਲੀ ਨੂੰ ਘੱਟ ਕਰਨ, ਐਮਰਜੰਸੀ ਲਈ ਪਲੈਨਿੰਗ ਅਤੇ ਕਾਰਵਾਈ ਕਰਨ, ਹਵਾ ਅਤੇ ਪਾਣੀ ਦੀ ਕੁਆਲਟੀ ’ਤੇ ਨਿਗਰਾਨੀ ਅਤੇ ਹੋਰ ਚੀਜ਼ਾਂ ਵਿਚ ਮਦਦ ਲਈ ਆਪਣੀਆਂ ਸਥਾਨਕ ਸਰਕਾਰਾਂ ਅਤੇ ਕਮਿਊਨਟੀ ਵਿਚਲੇ ਹਿੱਸੇਦਾਰਾਂ ਨਾਲ ਰਲ ਕੇ ਕੰਮ ਕਰਦੀ ਹੈ। ਇਸ ਬਾਰੇ ਹੋਰ ਜਾਣਨ ਲਈ ਕਿ ਸਾਡੀ ਪਬਲਿਕ ਹੈਲਥ ਟੀਮ ਜਲਵਾਯੂ ਵਿਚ ਤਬਦੀਲੀ, ਸ਼ੋਰ ਅਤੇ ਹਵਾ ਦੇ ਪ੍ਰਦੂਸ਼ਣ, ਕਮਿਊਨਟੀ ਡਿਜ਼ਾਇਨ ਅਤੇ ਹੋਰ ਪੱਖਾਂ ਨਾਲ ਜੁੜੇ ਸਿਹਤ ਨਾਲ ਸੰਬੰਧਿਤ ਨਤੀਜਿਆਂ ਵਿਚ ਸੁਧਾਰ ਕਰਨ ਲਈ ਕਿਵੇਂ ਕੰਮ ਕਰਦੀ ਹੈ, **ਸਿਹਤਮੰਦ ਵਾਤਾਵਰਣ ਅਤੇ ਜਲਵਾਯੂ ਵਿਚ ਤਬਦੀਲੀ (healthy environments and climate change)** ਪੜ੍ਹੋ।

- ਐਨਰਜੀ ਐਂਡ ਇਨਵਾਇਰਨਮੈਂਟਲ ਸਸਟੇਨੇਬਿਲਟੀ ਟੀਮ, ਵੀ ਸੀ ਐੱਚ ਦੇ ਸਾਰੇ ਸਥਾਨਾਂ ਵਿਚ ਐਨਰਜੀ ਦੀ ਖਪਤ, ਪਾਣੀ, ਰਹਿੰਦ-ਖੂੰਹਦ ਅਤੇ ਧੂੰਏਂ ਨੂੰ ਘੱਟ ਕਰਨ ਲਈ ਕੰਮ ਕਰਦੀ ਹੈ ਅਤੇ ਕਾਇਮ ਰਹਿਣ ਯੋਗ ਅਤੇ ਜਲਵਾਯੂ ਮੁਤਾਬਕ ਲਚਕੀਲੇ ਸਥਾਨਾਂ ਦੀ ਉਸਾਰੀ ਦੀ ਹਿਮਾਇਤ ਕਰਦੀ ਹੈ ਜਿਵੇਂ ਕਿ ਰਿਚਮੰਡ ਹਸਪਤਾਲ ਨੂੰ ਦੁਬਾਰਾ ਡਿਵੈਲਪ ਕਰਨਾ। ਇਹ ਸਮਝਣ ਲਈ ਕਿ ਵੀ ਸੀ ਐੱਚ ਵਾਤਾਵਰਣ ਉੱਪਰ ਆਪਣੇ ਕੰਮ ਦੇ ਅਸਰ ਨੂੰ ਕਿਵੇਂ ਘਟਾ ਰਹੀ ਹੈ **ਕ੍ਰੀਏਟਿੰਗ ਐਨ ਇਨਵਾਇਰਨਮੈਂਟਲੀ ਸਸਟੇਨੇਬਲ ਐਂਡ ਕਲਾਈਮੇਟ ਰਿਜ਼ੀਲੀਏਂਟ ਵੀ ਸੀ ਐੱਚ (Creating an environmentally sustainable and climate resilient VCH)** ਪੜ੍ਹੋ।

**ਰਲ ਕੇ ਅਸੀਂ ਲਚਕਸ਼ੀਲ ਅਤੇ ਗ੍ਰਹਿ ਲਈ ਟਿਕਾਊ ਸੰਭਾਲ ਦੇਣ ਲਈ ਜਲਵਾਯੂ ਦੇ ਸੰਕਟ ਦਾ ਸਿੱਧਾ ਸਾਮ੍ਹਣਾ ਕਰ ਸਕਦੇ ਹਾਂ ਜਿਹੜੀ ਸੰਭਾਲ ਲੋਕਾਂ ਅਤੇ ਵਾਤਾਵਰਣ ਦੀ ਸਿਹਤ ਦੀ ਹਿਮਾਇਤ ਕਰਦੀ ਹੈ।**





# ਹਰ ਇਕ ਦਾ ਖਿਆਲ ਰੱਖਣਾ

**ਅਸੀਂ ਇਹ ਯਕੀਨ ਕਰਦੇ ਹਾਂ ਕਿ ਅਸੀਂ ਜੋ ਵੀ ਕਰਦੇ ਹਾਂ ਉਸ ਦਾ ਧੁਰਾ ਦੇਖਭਾਲ ਕਰਨਾ ਹੈ, ਆਪਣੇ ਮਰੀਜ਼ਾਂ ਦੀ, ਉਨ੍ਹਾਂ ਦੇ ਪਰਿਵਾਰਾਂ ਦੀ, ਸਾਡੇ ਸਾਥੀਆਂ ਦੀ ਅਤੇ ਆਪਣੀ ਦੇਖਭਾਲ ਕਰਨਾ।**

# ਜਵਾਨ ਲੋਕਾਂ ਦੀ ਅਗੇਤੀ ਮਦਦ ਕਰਨ ਲਈ ਮਨੋਰੋਗਾਂ ਲਈ ਸਰਵਿਸ ਵਿਚ ਵਾਧਾ



## ਮਨੋਰੋਗ (psychosis) ਕੀ ਹੈ?

ਮਨੋਰੋਗ ਇਲਾਜ ਕਰਨ ਯੋਗ ਇਕ ਮੈਡੀਕਲ ਹਾਲਤ ਹੈ ਜਿਹੜੀ ਵਿਅਕਤੀ ਦੇ ਦਿਮਾਗ 'ਤੇ ਅਸਰ ਪਾਉਂਦੀ ਹੈ।



## ਮਨੋਰੋਗ ਦੀਆਂ ਨਿਸ਼ਾਨੀਆਂ ਅਤੇ ਲੱਛਣ ਕੀ ਹਨ?

ਮਨੋਰੋਗ ਵਾਲੇ ਵਿਅਕਤੀ ਦਾ ਅਸਲੀਅਤ ਨਾਲੋਂ ਥੋੜ੍ਹਾ ਜਿਹਾ ਸੰਪਰਕ ਟੁੱਟ ਜਾਂਦਾ ਹੈ। ਇਸ ਦਾ ਮਤਲਬ ਹੈ ਕਿ ਮਨੋਰੋਗ ਵਾਲਾ ਵਿਅਕਤੀ, ਸਮੇਂ ਸਮੇਂ, ਇਸ ਚੀਜ਼ ਵਿਚਕਾਰ ਫਰਕ ਦੱਸਣ ਦੇ ਅਯੋਗ ਹੁੰਦਾ ਹੈ ਕਿ ਕੀ ਅਸਲੀ ਹੈ ਅਤੇ ਕੀ ਉਸ ਦੇ ਮਨ ਵਿਚ ਹੈ, ਅਤੇ ਉਹ ਆਪਣੀਆਂ ਧਾਰਨਾਵਾਂ, ਵਿਚਾਰ, ਵਿਸ਼ਵਾਸ ਅਤੇ ਵਤੀਰੇ ਬਦਲਦਾ ਰਹਿੰਦਾ ਹੈ।

ਸਾਲ 2022 ਵਿਚ, ਵੀ ਸੀ ਐੱਚ ਦਾ ਅਰਲੀ ਸਾਇਕੋਸਿਸ ਇੰਟਰਵੈਨਸ਼ਨ (ਈ ਪੀ ਆਈ) (Early Psychosis Intervention (EPI)) ਪ੍ਰੋਗਰਾਮ, ਕਲਾਇੰਟਾਂ ਅਤੇ ਪਰਿਵਾਰਾਂ ਲਈ ਸੰਭਾਲ ਘਰ ਦੇ ਨੇੜੇ ਲਿਆਉਣ ਲਈ ਵਧਾਇਆ ਗਿਆ। ਖਾਸ ਈ ਪੀ ਆਈ ਸੇਵਾਵਾਂ ਹੁਣ 13 ਸਾਲ ਤੋਂ ਲੈ ਕੇ 30 ਸਾਲ ਤੱਕ ਦੇ ਉਨ੍ਹਾਂ ਜਵਾਨ ਲੋਕਾਂ ਲਈ ਉਪਲਬਧ ਹਨ, ਜਿਹੜੇ ਵੈਨਕੂਵਰ, ਰਿਚਮੰਡ, ਅਤੇ ਇਲਾਜ ਵਾਲੇ ਤਟਵਰਤੀ ਭਾਈਚਾਰਿਆਂ ਵਿਚ ਮਨੋਰੋਗਾਂ ਦੀਆਂ ਅਗੇਤੀਆਂ ਨਿਸ਼ਾਨੀਆਂ ਦਿਖਾਉਂਦੇ ਹਨ।

ਮਨੋਰੋਗ ਵੱਖ ਵੱਖ ਕਾਰਨਾਂ ਦਾ ਨਤੀਜਾ ਹੋ ਸਕਦਾ ਹੈ ਅਤੇ ਹਰ ਵਿਅਕਤੀ ਵਿਚ ਵੱਖਰੇ ਤਰੀਕੇ ਨਾਲ ਹਾਜ਼ਰ ਹੁੰਦਾ ਹੈ। ਸਾਡੀਆਂ ਵਿਸ਼ਾਲ ਸੇਵਾਵਾਂ ਅਤੇ ਇਲਾਜ ਉਨ੍ਹਾਂ ਲਈ ਉਪਲਬਧ ਹਨ ਜਿਨ੍ਹਾਂ ਵਿਚ ਅਗੇਤੀਆਂ ਨਿਸ਼ਾਨੀਆਂ ਹੁੰਦੀਆਂ ਹਨ ਅਤੇ ਇਹ ਸੇਵਾਵਾਂ ਬਹੁਪੱਖੀ ਟੀਮਾਂ ਵਲੋਂ ਦਿੱਤੀਆਂ ਜਾਂਦੀਆਂ ਹਨ। ਜ਼ਿਆਦਾ ਇਲਾਕਿਆਂ ਵਿਚ ਈ ਪੀ ਆਈ ਨੂੰ ਸਮਰਪਿਤ ਟੀਮਾਂ ਦਾ ਹੋਣਾ, ਵਿਅਕਤੀ ਕੇਂਦਰਿਤ ਇਲਾਜ ਅਤੇ ਮਦਦਾਂ ਤੱਕ ਪਹੁੰਚ ਕਰਨ ਵੇਲੇ ਰੁਕਾਵਟਾਂ ਨੂੰ ਘਟਾਉਣ ਵਿਚ ਮਦਦ ਕਰਦਾ ਹੈ।

ਮਨੋਰੋਗ ਲਈ ਅਗੇਤੀ ਦਖਲਅੰਦਾਜ਼ੀ ਚੰਗੇ ਨਤੀਜੇ ਦੀ ਸੰਭਾਵਨਾ ਨੂੰ ਬਹੁਤ ਵਧਾ ਸਕਦੀ ਹੈ ਅਤੇ ਜ਼ਿੰਦਗੀ ਦੀ ਕੁਆਲਟੀ ਵਿਚ ਸੁਧਾਰ ਕਰਦੀ ਹੈ। ਜਦੋਂ ਮਨੋਰੋਗ ਵਾਲੇ ਕਿਸੇ ਵਿਅਕਤੀ ਨੂੰ ਤੇਜ਼ੀ ਨਾਲ ਮਦਦ ਮਿਲਦੀ ਹੈ ਤਾਂ ਉਹ ਸਪਸ਼ਟ ਸੋਚਣ, ਟੀਚਿਆਂ ਨਾਲ ਮੁੜ ਜੁੜਨ, ਵਿਕਾਸ ਦੇ

ਮੀਲ-ਪੱਥਰ ਪੂਰੇ ਕਰਨ ਦੀ ਸਮਰਥਾ ਦੁਬਾਰਾ ਹਾਸਲ ਕਰ ਸਕਦਾ ਹੈ ਅਤੇ ਸਮਾਜਿਕ ਅਲਹਿਦਗੀ, ਡਿਪਰੈਸ਼ਨ ਅਤੇ ਆਪਣੇ ਆਪ ਨੂੰ ਜਾਂ ਦੂਜਿਆਂ ਨੂੰ ਨੁਕਸਾਨ ਪਹੁੰਚਾਉਣ ਦੇ ਸੰਭਾਵੀ ਖਤਰੇ ਨੂੰ ਘਟਾ ਸਕਦਾ ਹੈ।

ਈ ਪੀ ਆਈ ਟੀਮਾਂ ਵਿਚ ਸਾਇਕਐਟਰਿਸਟਸ, ਨਰਸਿਜ਼, ਸੋਸ਼ਲ ਵਰਕਰ, ਆਕੂਪੇਸ਼ਨਲ ਥੈਰੇਪਿਸਟ, ਕਲਿਨੀਕਲ ਕੌਂਸਲਰ, ਰੀਹੈਬਲੀਟੇਸ਼ਨ ਦਾ ਸਟਾਫ ਅਤੇ ਪੀਅਰ ਸੁਪੋਰਟ ਵਰਕਰ ਸ਼ਾਮਲ ਹੁੰਦੇ ਹਨ। ਟੀਮਾਂ ਅਸੈੱਸਮੈਂਟਾਂ ਕਰਨ, ਸੰਭਾਲ ਦੀਆਂ ਪਲੈਨਾਂ ਬਣਾਉਣ, ਦਵਾਈਆਂ ਦੇ ਪ੍ਰਬੰਧ ਦੇ ਨਾਲ ਨਾਲ ਮਰੀਜ਼ਾਂ ਲਈ ਅਜਿਹੇ ਟੀਚੇ ਤਹਿ ਕਰਨ ਲਈ ਰਲ ਕੇ ਕੰਮ ਕਰਦੀਆਂ ਹਨ ਜਿਹੜੇ ਸਿਹਤਮੰਦ ਰਹਿਣ ਸਹਿਣ ਨੂੰ ਕਾਇਮ ਰੱਖਦੇ ਹਨ ਜਿਵੇਂ ਕਿ ਸਕੂਲ ਨੂੰ ਜਾਣਾ ਅਤੇ ਕੰਮ ਲੱਭਣਾ।

ਇਹ ਪਛਾਣ ਕਰਦੇ ਹੋਏ ਕਿ ਵਿਅਕਤੀ ਅਤੇ ਪਰਿਵਾਰ ਸੰਭਾਲ ਵਿਚ ਭਾਈਵਾਲ ਹਨ, ਈ ਪੀ ਆਈ ਪ੍ਰੋਗਰਾਮ ਪਰਿਵਾਰਾਂ ਨੂੰ ਮਨੋਰੋਗਾਂ ਬਾਰੇ ਸਿੱਖਿਆ ਅਤੇ ਆਪਣੇ ਫਿਕਰ ਸਾਂਝੇ ਕਰਨ, ਮਨੋਰੋਗਾਂ ਦੀਆਂ ਨਿਸ਼ਾਨੀਆਂ ਬਾਰੇ ਸਿੱਖਣ ਅਤੇ ਆਪਣੇ ਪਿਆਰੇ ਦੀ ਮਦਦ ਲਈ ਨਵੇਂ ਤਰੀਕਿਆਂ ਬਾਰੇ ਗੱਲਬਾਤ ਕਰਨ ਲਈ ਲਈ ਸੁਰੱਖਿਅਤ ਥਾਂ ਵੀ ਪ੍ਰਦਾਨ ਕਰਦਾ ਹੈ।

**ਸਾਲ 2022 ਵਿਚ,**

# 454



**ਵਿਅਕਤੀਆਂ ਨੇ ਵੀ ਸੀ ਐੱਚ ਦੇ ਇਲਾਜ ਦੇ ਤਿੰਨ ਇਲਾਕਿਆਂ ਵਿਚ ਈ ਪੀ ਆਈ ਸੇਵਾਵਾਂ ਲਈਆਂ: ਵੈਨਕੂਵਰ, ਰਿਚਮੰਡ ਅਤੇ ਕੋਸਟਲ।**

# ਵੀ ਸੀ ਐੱਚ ਦੀਆਂ ਵੈਕਸੀਨ ਦੀਆਂ ਮੁਹਿੰਮਾਂ ਨਾਲ ਅਸਰ ਪਾਉਣਾ

**ਸਮੁੱਚੇ ਤੌਰ 'ਤੇ ਵੀ ਸੀ ਐੱਚ ਕੋਲ ਸੂਬੇ ਵਿਚ ਕੋਵਿਡ-19 ਵੈਕਸੀਨੇਸ਼ਨ ਦੀ ਸਭ ਤੋਂ ਜ਼ਿਆਦਾ ਕਵਰੇਜ ਹੈ:**



ਵੀ ਸੀ ਐੱਚ ਦੇ ਹਰ ਉਮਰ ਦੇ ਵਸਨੀਕਾਂ ਲਈ ਦੋ-ਡੋਜ਼ ਵਾਲੀ ਕਵਰੇਜ ਦੀ

**90%**

ਨਾਲੋਂ ਜ਼ਿਆਦਾ ਕਵਰੇਜ



18+ ਸਾਲਾਂ ਦੇ ਸਾਰੇ ਬਾਲਗਾਂ ਲਈ ਦੋ-ਡੋਜ਼ ਵਾਲੀ ਕਵਰੇਜ ਦੀ

**95%**



ਅਤੇ ਛੇ ਮਹੀਨਿਆਂ ਦੀ ਉਮਰ ਤੋਂ ਲੈ ਕੇ ਚਾਰ ਸਾਲ ਦੀ ਉਮਰ ਦੇ ਬੱਚਿਆਂ ਲਈ ਇਕ-ਡੋਜ਼ ਕਵਰੇਜ ਦੀ

**30%**

ਜਿਵੇਂ ਕੋਵਿਡ-19 ਮਹਾਂਮਾਰੀ (COVID-19 pandemic) ਦੀ ਤਾਸੀਰ ਪਿਛਲੇ ਸਾਲ ਦੌਰਾਨ ਬਦਲ ਗਈ ਹੈ, ਛੂਤ ਦੀਆਂ ਬੀਮਾਰੀਆਂ ਦੇ ਫੈਲਣ ਨੂੰ ਕੰਟਰੋਲ ਕਰਨ ਲਈ ਇਕ ਸਾਧਨ ਵਜੋਂ ਵੈਕਸੀਨਾਂ ਦੀ ਮਹੱਤਤਾ ਹੋਰ ਵੀ ਸਪਸ਼ਟ ਹੋ ਗਈ ਹੈ। ਵੈਕਸੀਨਾਂ ਵੀ ਸੀ ਐੱਚ ਦੀ ਪਬਲਿਕ ਹੈਲਥ ਟੀਮ ਲਈ, ਅਤੇ ਸਮੁੱਚੇ ਤੌਰ 'ਤੇ ਵੀ ਸੀ ਐੱਚ ਲਈ ਇਕ ਮੁੱਖ ਤਰਜੀਹ ਰਹਿਣਾ ਜਾਰੀ ਹੈ।

ਭਾਵੇਂ ਕਿ 2021 ਵਿਚ ਫੋਕਸ ਮੁੱਖ ਤੌਰ 'ਤੇ 12 ਸਾਲ ਅਤੇ ਜ਼ਿਆਦਾ ਉਮਰ ਦੇ ਵੀ ਸੀ ਐੱਚ ਦੇ ਵਸਨੀਕਾਂ ਨੂੰ ਕੋਵਿਡ-19 ਵੈਕਸੀਨਾਂ ਦੀ ਲੜੀ ਦੇਣ 'ਤੇ ਸੀ; ਸਾਲ 2022 ਵਿਚ, ਮੁਹਿੰਮ ਦੇ ਟੀਚੇ ਵਿਸ਼ਾਲ ਅਤੇ ਜ਼ਿਆਦਾ ਗੁੰਝਲਦਾਰ ਬਣ ਗਏ। ਕੋਵਿਡ-19 ਵੈਕਸੀਨਾਂ ਲਈ ਯੋਗਤਾ ਦਾ ਵਿਸਤਾਰ ਬਾਲਾਂ ਅਤੇ ਬੱਚਿਆਂ ਨੂੰ ਸ਼ਾਮਲ ਕਰਨ ਲਈ ਕੀਤਾ ਗਿਆ ਸੀ, ਅਤੇ ਅਸੀਂ 12 ਸਾਲ ਅਤੇ ਜ਼ਿਆਦਾ ਉਮਰ ਦਿਆਂ ਨੂੰ ਬੂਸਟਰ ਡੋਜ਼ਾਂ ਦਿੱਤੀਆਂ ਹਨ।

ਅਸੀਂ ਸਕੂਲਾਂ ਵਿਚ ਬਚਪਨ ਦੀਆਂ ਵੈਕਸੀਨਾਂ ਦੇ ਕਲੀਨਿਕ ਵੀ ਦੁਬਾਰਾ ਸ਼ੁਰੂ ਕੀਤੇ ਹਨ ਅਤੇ ਜਿਹੜੇ ਮਹਾਂਮਾਰੀ ਦੇ ਪਹਿਲੇ ਸਾਲ ਵਿਚ ਰੋਕ ਦਿੱਤੇ ਗਏ ਸਨ। ਬਹੁਗਿਣਤੀ ਬੱਚਿਆਂ ਨੂੰ ਪੋਲੀਓ (polio), ਡਿਪਥੀਰੀਆ (diphtheria), ਖਸਰਾ (measles) ਅਤੇ ਰੁਬੇਲਾ (rubella) ਵਰਗੀਆਂ ਇਨਫੈਕਸ਼ਨਾਂ ਅਤੇ ਬੀਮਾਰੀਆਂ ਤੋਂ ਬਚਾਉਣ ਲਈ ਜ਼ਰੂਰੀ ਵੈਕਸੀਨਾਂ ਦੇ ਦਿੱਤੀਆਂ ਗਈਆਂ ਹਨ।

ਸਾਲ 2022 ਵਿਚ ਵੈਕਸੀਨ ਦੀ ਸਭ ਤੋਂ ਅਸਰਦਾਰ ਮੁਹਿੰਮ ਐਮਪੌਕਸ (ਮੰਕੀਪੌਕਸ) mpox (monkeypox) ਦੇ ਫੈਲਣ ਨੂੰ ਰੋਕਣ ਵਾਲੀ ਸੀ। ਮਈ ਦੇ ਅੱਧ ਵਿਚ, ਵਾਇਰਸ ਦਾ ਇਕ ਸਟਰੇਨ ਅਫਰੀਕਾ ਤੋਂ - ਜਿੱਥੇ ਇਹ ਰੋਗ ਹੁੰਦਾ ਹੈ - 70 ਨਾਲੋਂ ਜ਼ਿਆਦਾ ਉਨ੍ਹਾਂ ਦੇਸ਼ਾਂ ਤੱਕ ਫੈਲ ਗਿਆ ਜਿੱਥੇ ਇਹ ਨਹੀਂ ਹੁੰਦਾ, ਜਿਸ ਵਿਚ ਕੈਨੇਡਾ ਵੀ ਸ਼ਾਮਲ ਹੈ। ਦੁਨੀਆ ਵਿਚ ਫੈਲਣ ਵਾਲੀ ਇਸ ਬੀਮਾਰੀ ਦੇ ਫੈਲਣ ਦਾ ਪੈਟਰਨ ਮੁੱਖ ਤੌਰ ’ਤੇ, ਮਨੁੱਖੀ ਸੈਕਸ ਨਾਲ ਜੁੜਿਆ ਹੋਇਆ ਹੈ, ਅਤੇ ਬਹੁਤੇ ਕੇਸ ਉਨ੍ਹਾਂ ਮਰਦਾਂ ਵਿਚ ਪਛਾਣੇ ਗਏ ਹਨ ਜਿਹੜੇ ਮਰਦਾਂ ਨਾਲ ਸੈਕਸ ਕਰਦੇ ਹਨ।

ਬੀ.ਸੀ. ਵਿਚ ਐਮਪੌਕਸ ਦਾ ਪਹਿਲਾ ਕੇਸ ਵੀ ਸੀ ਐੱਚ ਦੇ ਇਲਾਕੇ ਵਿਚ ਜੂਨ ਦੇ ਸ਼ੁਰੂ ਵਿਚ ਹੋਇਆ ਸੀ, ਅਤੇ ਪ੍ਰਾਈਡ ਸੀਜ਼ਨ ਦੇ ਤੇਜ਼ੀ ਨਾਲ ਪਹੁੰਚਣ ਨਾਲ, ਵੀ ਸੀ ਐੱਚ ਦੀ ਐਮਪੌਕਸ ਆਊਟਬਰੇਕ ਰਿਸਪੌਂਸ ਟੀਮ ਨੇ ਬੀ ਸੀ ਸੈਂਟਰ ਫਾਰ ਡਿਜ਼ੀਜ਼ ਕੰਟਰੋਲ (BC Centre for Disease Control), ਕਮਿਊਨਟੀ ਆਧਾਰਿਤ ਸੰਸਥਾਵਾਂ ਅਤੇ ਹੋਰਨਾਂ ਨਾਲ ਨੇੜਿਉਂ ਭਾਈਵਾਲੀ ਕੀਤੀ ਤਾਂ ਜੋ ਤਿੰਨ ਮਹੀਨੇ ਦੇ ਸਮੇਂ ਦੌਰਾਨ ਕਲੀਨਿਕਾਂ, ਬਾਰਾਂ, ਸੈਕਸ ਸਥਾਨਾਂ, ਬੀਚਾਂ, ਪਾਰਕਾਂ ਅਤੇ ਵੈਨਕੂਵਰ ਦੇ ਪ੍ਰਾਈਡ ਫੈਸਟੀਵਲ ਵਿਚ ਖਤਰੇ ਵਾਲੇ ਲੋਕਾਂ ਨੂੰ 20,000 ਨਾਲੋਂ ਜ਼ਿਆਦਾ ਐਮਪੌਕਸ ਵੈਕਸੀਨ ਦੀਆਂ ਡੋਜ਼ਾਂ ਦਿੱਤੀਆਂ ਜਾ ਸਕਣ।

ਫੈਲਣ ਦੇ ਜ਼ਿਆਦਾ ਖਤਰੇ ਵਾਲੇ ਗਰੁੱਪਾਂ ਵਿਚ ਵੈਕਸੀਨ ਦੀ ਇਸ ਛੇਤੀ ਨਾਲ ਵਰਤੋਂ ਅਤੇ ਵੀ ਸੀ ਐੱਚ ਦੀ ਪਬਲਿਕ ਹੈਲਥ ਟੀਮ ਵਲੋਂ ਕੇਸ ਅਤੇ ਸੰਪਰਕਾਂ ਦਾ ਪਤਾ ਲਾਉਣ ਦੇ ਯਤਨਾਂ ਨੇ ਬੀਮਾਰੀ ਦੇ ਫੈਲਣ ਨੂੰ ਕਾਮਯਾਬੀ ਨਾਲ ਘਟਾ ਦਿੱਤਾ, ਗੰਭੀਰ ਬੀਮਾਰੀ ਤੋਂ ਰੋਕਥਾਮ ਕੀਤੀ ਅਤੇ ਵੱਡੀ ਆਬਾਦੀ ਲਈ ਖਤਰੇ ਨੂੰ ਸੀਮਤ ਕਰ ਦਿੱਤਾ। ਬੀ.ਸੀ. ਵਿਚ ਸਿਰਫ 190 ਕੇਸਾਂ ਦੀ ਰਿਪੋਰਟ (ਵੀ ਸੀ ਐੱਚ ਇਲਾਕੇ ਵਿਚ 151), ਅਤੇ ਵਾਇਰਸ ਫੈਲਣ ਦੇ ਘੱਟ ਖਤਰਿਆਂ ਨਾਲ ਐਮਪੌਕਸ ਦੇ ਸਥਾਨਕ ਫੈਲਾਅ ਨੂੰ ਜਨਵਰੀ 2023 ਵਿਚ ਖਤਮ ਕਰਾਰ ਦੇ ਦਿੱਤਾ ਗਿਆ। ਇਹ ਵੈਕਸੀਨ ਅਜੇ ਵੀ ਖਤਰੇ ਵਾਲੇ ਉਨ੍ਹਾਂ ਯੋਗ ਵਿਅਕਤੀਆਂ ਲਈ ਉਪਲਬਧ ਹੈ ਜਿਹੜੇ ਵੈਕਸੀਨ ਦੀ ਆਪਣੀ ਲੜੀ ਸ਼ੁਰੂ ਕਰਨਾ ਜਾਂ ਪੂਰੀ ਕਰਨਾ ਚਾਹੁੰਦੇ ਹਨ। ਵੱਧ ਤੋਂ ਵੱਧ ਰੱਖਿਆ ਲਈ ਦੋ ਡੋਜ਼ਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ।



ਹਰ ਇਕ ਦਾ ਖਿਆਲ ਰੱਖਣਾ

# ਕੈਂਬੀ ਗਾਰਡਨਜ਼ ਵਿਚ ਮਦਦ ਵਾਲੀ ਨਵੀਂ ਰਿਹਾਇਸ਼







George Pearson ਸੈਂਟਰ (ਜੀ ਪੀ ਸੀ) (George Pearson Centre (GPC)) ਦੀ ਦੁਬਾਰਾ ਡਿਵੈਲਪਮੈਂਟ ਇਕ ਬਹੁ-ਪਾੜਾਵੀ ਪ੍ਰੋਜੈਕਟ ਹੈ ਜਿਸ ਨੇ ਅਕਤੂਬਰ 2022 ਵਿਚ ਇਕ ਮਹੱਤਵਪੂਰਨ ਮੀਲਪੱਥਰ ਪੂਰਾ ਕੀਤਾ ਜਦੋਂ ਜੀ ਪੀ ਸੀ ਦੇ ਵਸਨੀਕਾਂ ਦਾ ਪਹਿਲਾ ਗਰੁੱਪ ਨਵੇਂ ਕਮਿਊਨਟੀ ਆਧਾਰਿਤ ਮਦਦ ਕਰਨ ਵਾਲੀ ਰਿਹਾਇਸ਼ ਵਿਚ ਮੂਵ ਹੋਣਾ ਸ਼ੁਰੂ ਹੋ ਗਿਆ।

ਜੀ ਪੀ ਸੀ ਵੈਨਕੂਵਰ ਦੇ ਓਕਰਿਜ (Oakridge) ਗੁਆਂਢ ਵਿਚ ਇਕ ਲੌਂਗ-ਟਰਮ ਕੇਅਰ ਹੋਮ ਹੈ। ਇਹ 1952 ਵਿਚ ਬਣਾਇਆ ਗਿਆ ਸੀ ਅਤੇ ਅੱਜ ਗੁੰਝਲਦਾਰ ਮੈਡੀਕਲ ਅਤੇ ਸਰੀਰਕ ਹਾਲਤਾਂ ਵਾਲੇ 100 ਨਾਲੋਂ ਜ਼ਿਆਦਾ ਵਸਨੀਕਾਂ ਲਈ ਘਰ ਹੈ। ਜੀ ਪੀ ਸੀ ਦੀ ਦੁਬਾਰਾ ਡਿਵੈਲਪਮੈਂਟ, ਸਥਾਨ ’ਤੇ ਮਦਦ ਦੀਆਂ ਚੋਣਾਂ ਨਾਲ ਵੱਖ ਵੱਖ ਨਵੀਂਆਂ ਰਿਹਾਇਸ਼ਾਂ ਨਾਲ ਪੁਰਾਣੇ ਸਥਾਨ ਨੂੰ ਬਦਲ ਦੇਵੇਗੀ।

ਦੁਬਾਰਾ ਡਿਵੈਲਪਮੈਂਟ ਦੀ ਪਲੈਨ ਦੇ ਹਿੱਸੇ ਵਜੋਂ, ਕੁਝ ਵਸਨੀਕ ਜੀ ਪੀ ਸੀ ਤੋਂ ਉਸੇ ਆਂਢ-ਗੁਆਂਢ ਵਿਚ ਨਵੀਂ ਕੈਂਬੀ ਗਾਰਡਨਜ਼ (Cambie Gardens) ਡਿਵੈਲਪਮੈਂਟ ਵਿਖੇ ਕਮਿਊਨਟੀ ਆਧਾਰਿਤ ਮਦਦ ਕਰਨ ਵਾਲੀ ਰਿਹਾਇਸ਼ ਵਿਚ ਮੂਵ ਹੋ ਜਾਣਗੇ। ਰਿਹਾਇਸ਼ ਦਾ ਇਹ ਮਾਡਲ, ਸੁਆਗਤ ਕਰਨ ਵਾਲੀ ਅਤੇ ਸਾਰਿਆਂ ਲਈ ਪਹੁੰਚ ਵਾਲੀ ਇਕ ਸਮੁੱਚੀ ਕਮਿਊਨਟੀ ਦੇ ਹਿੱਸੇ ਵਜੋਂ, ਵਿਅਕਤੀਆਂ ਦੀ ਓਨਾ ਆਜ਼ਾਦ ਰਹਿਣ ਵਿਚ ਮਦਦ ਕਰਨ ਲਈ ਡਿਜ਼ਾਇਨ ਕੀਤਾ ਗਿਆ ਹੈ, ਜਿੰਨਾ ਉਹ ਚਾਹੁੰਦੇ ਹੋਣ। ਸੰਭਾਲ ਦੇ ਇਸ ਮਾਡਲ ਦਾ ਕੁਝ ਹਿੱਸਾ ਵਸਨੀਕਾਂ ਅਤੇ ਡਿਸਏਬਿਲਟੀ ਐਡਵੋਕੇਸੀ ਗਰੁੱਪਾਂ ਵਲੋਂ ਡਿਜ਼ਾਇਨ ਕੀਤਾ ਗਿਆ ਸੀ, ਜਿਹੜੇ ਮਦਦ ਕਰਨ ਵਾਲੀਆਂ ਰਿਹਾਇਸ਼ਾਂ ਦੇ ਭਵਿੱਖ ਨੂੰ ਘੜ ਰਹੇ ਹਨ। ਨਤੀਜੇ ਵਜੋਂ, ਜੀ ਪੀ ਸੀ ਦੇ ਵਸਨੀਕ, ਅਪਾਰਟਮੈਂਟ ਬਿਲਡਿੰਗ ਨੂੰ ਵੈਨਕੂਵਰ ਦੇ ਵੱਡੇ ਭਾਈਚਾਰੇ ਤੋਂ ਲੋਕਾਂ ਨਾਲ ਸਾਂਝਾ ਕਰਨਗੇ।

ਵਸਨੀਕਾਂ ਦੇ ਮੂਵ ਹੋਣ ਦਾ ਪਹਿਲਾ ਪੜਾ 2022 ਦੀ ਪਤਝੜ ਰੁੱਤ ਵਿਚ ਸ਼ੁਰੂ ਹੋਇਆ।

ਵੀ ਸੀ ਐੱਚ ਅਤੇ ਸਰਵਿਸ ਦੇਣ ਵਾਲੇ ਕੋਨੈਕਟ ਪਾਰਟਨਰਜ਼ (CONNECT Partners) 2023 ਵਿਚ ਪਹਿਲੇ 44 ਜੀ ਪੀ ਸੀ ਵਸਨੀਕਾਂ ਨੂੰ ਉਨ੍ਹਾਂ ਦੇ ਨਵੇਂ ਘਰਾਂ ਵਿਚ ਮੂਵ ਕਰਨਾ ਜਾਰੀ ਰੱਖਣਗੇ। ਬਾਕੀ ਬਚਦੇ ਮੂਵਜ਼ ਪੜਾਵਾਂ ਵਿਚ ਹੋਣਗੇ ਅਤੇ ਇਹ ਤਕਰੀਬਨ 2030 ਵਿਚ ਮੁਕੰਮਲ ਹੋਣ ਦੀ ਉਮੀਦ ਹੈ, ਜਿਸ ਵੇਲੇ ਜੀ ਪੀ ਸੀ ਨੂੰ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਜਾਵੇਗਾ।

ਵਸਨੀਕਾਂ ਦੇ ਇਨ੍ਹਾਂ ਨਵੇਂ ਘਰਾਂ ਵਿਚ ਇਕ ਕਮਿਊਨਟੀ ਹੈਲਥ ਸੈਂਟਰ ਹੋਵੇਗਾ ਜਿਹੜਾ ਵੱਡੇ ਪੱਧਰ ਦੀਆਂ ਸਿਹਤ ਸੇਵਾਵਾਂ ਅਤੇ ਮਦਦਾਂ, ਇਕ ਨਵੇਂ ਫਾਇਦੇਮੰਦ ਪੂਲ ਅਤੇ ਇਕ ਨਵੇਂ ਅਡੱਲਟ ਡੇਅ ਪ੍ਰੋਗਰਾਮ ਨੂੰ ਇਕੱਠਾ ਕਰੇਗਾ।

> ਮੈਂ ਬਹੁਤ ਖੁਸ਼ ਹਾਂ ਕਿ ਲੰਮੇ ਸਮੇਂ ਤੋਂ ਉਡੀਕੀ ਜਾ ਰਹੀ ਇਹ ਰੀਡਿਵੈਲਪਮੈਂਟ ਅਤੇ ਸੰਭਾਲ ਦਾ ਮਾਡਲ ਅਸਲੀਅਤ ਬਣ ਗਏ ਗਏ ਹਨ। ਸਾਨੂੰ ਇਸ ਨਾਲ ਵਸਨੀਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਹਾਂਪੱਖੀ ਤਬਦੀਲੀਆਂ ਦੇਖਣ ਦੀ ਤਾਂਘ ਨਾਲ ਉਡੀਕ ਹੈ
>
> **Bob Chapman**
>
> ਵੈਨਕੂਵਰ ਕਮਿਊਨਟੀ, ਵੈਨਕੂਵਰ ਕੋਸਟਲ ਹੈਲਥ ਦੇ ਵਾਈਸ ਪ੍ਰੈਜ਼ੀਡੈਂਟ (Vice President)

# ਗੈਰ-ਕਾਨੂੰਨੀ ਨਸ਼ਿਆਂ ਦੇ ਜ਼ਹਿਰੀਲੇ ਸੰਕਟ ਦਾ ਹੱਲ ਕਰਨ ਲਈ ਦਵਾਈਆਂ ਦੇ ਬਦਲਾਂ ਨੂੰ ਵਧਾਉਣਾ

ਗੈਰ-ਕਾਨੂੰਨੀ ਨਸ਼ਿਆਂ ਦੇ ਜ਼ਹਿਰੀਲੇ ਸੰਕਟ ਦਾ ਨਤੀਜਾ ਹਰ ਮਹੀਨੇ ਸੈਂਕੜੇ ਬ੍ਰਿਟਿਸ਼ ਕੋਲੰਬੀਅਨਾਂ ਦੀਆਂ ਦੁਖਦਾਈ ਮੌਤਾਂ ਵਿਚ ਨਿਕਲਣਾ ਜਾਰੀ ਹੈ। ਮਹਾਂਮਾਰੀ ਦੌਰਾਨ, ਨਸ਼ਿਆਂ ਨੂੰ ਚੈੱਕ ਕਰਨ ਵਾਲੀਆਂ ਸੇਵਾਵਾਂ ਨੇ ਗੈਰ-ਕਾਨੂੰਨੀ ਨਸ਼ਿਆਂ ਦੀ ਸਪਲਾਈ ਦੇ ਵਧ ਰਹੇ ਜ਼ਹਿਰੀਲੇਪਣ ਦਾ ਸੰਕੇਤ ਦਿੱਤਾ ਕਿਉਂਕਿ ਫੈਂਟਾਨਿਲ (fentanyl) ਦੀ ਮੌਜੂਦਗੀ, ਜੋ ਕਿ ਓਪੀਔਡ ਦਾ ਇਕ ਸ਼ਕਤੀਸ਼ਾਲੀ ਸਮਾਨਰੂਪ ਹੈ, ਗੈਰ-ਕਾਨੂੰਨੀ ਨਸ਼ਿਆਂ ਵਿਚ, ਅਤੇ ਇਸ ਦੇ ਨਾਲ ਨਾਲ ਹੋਰ ਜ਼ਹਿਰੀਲੇ ਪਦਾਰਥਾਂ ਵਿਚ ਲਗਾਤਾਰ ਵਧਦੀ ਜਾ ਰਹੀ ਸੀ ਜਿਨ੍ਹਾਂ ਵਿਚ ਨਸ਼ੀਲੀਆਂ ਦਵਾਈਆਂ ਵੀ ਸ਼ਾਮਲ ਹਨ।

ਗੈਰ-ਕਾਨੂੰਨੀ ਨਸ਼ਿਆਂ ਦੀ ਮਿਲਾਵਟੀ ਸਪਲਾਈ ਇਕ ਵੱਡਾ ਫਿਕਰ ਹੈ, ਕਿਉਂਕਿ ਇਹ ਮਾਰੂ ਓਵਰਡੋਜ਼ ਦਾ ਖਤਰਾ ਵਧਾਉਂਦੀ ਹੈ। ਜਦ ਤੱਕ ਲੋਕਾਂ ਨੂੰ ਨਿਯਮਾਂ ਵਾਲੇ ਬਦਲਾਂ ਦੀ ਪੇਸ਼ਕਸ਼ ਨਹੀਂ ਕੀਤੀ ਜਾਂਦੀ, ਜਨਤਕ ਸਿਹਤ ਦੀ ਇਸ ਐਮਰਜੰਸੀ ਦਾ ਪੂਰੀ ਤਰ੍ਹਾਂ ਹੱਲ ਕਰਨਾ ਅਤੇ ਜ਼ਿੰਦਗੀਆਂ ਬਚਾਉਣਾ ਚੁਣੌਤੀਆਂ ਵਾਲਾ ਹੋਵੇਗਾ। ਵੀ ਸੀ ਐੱਚ ਵਿਖੇ, ਅਸੀਂ ਓਵਰਡੋਜ਼ ਦੇ ਜ਼ਿਆਦਾ ਖਤਰੇ ਵਾਲੇ ਲੋਕਾਂ ਲਈ ਦਵਾਈਆਂ ਦੇ ਬਦਲ ਪੇਸ਼ ਕਰਨ ਲਈ ਫੈਡਰਲ ਅਤੇ ਸੂਬਾਈ ਸਰਕਾਰਾਂ ਨਾਲ ਨੇੜਿਉਂ ਕੰਮ ਕਰ ਰਹੇ ਹਾਂ।

ਦਿੱਤੇ ਜਾਣ ਵਾਲੇ ਬਦਲਾਂ ਵਿਚ ਉਹ ਪਾਊਡਰ, ਗੋਲੀਆਂ, ਸ਼ੀਸ਼ੀਆਂ ਜਾਂ ਪੈਚ ਸ਼ਾਮਲ ਹੋ ਸਕਦੇ ਹਨ ਜਿਨ੍ਹਾਂ ਵਿਚ ਡਾਕਟਰੀ ਨਿਗਰਾਨੀ ਦੇ ਮਾਹੌਲਾਂ ਵਿਚ ਖਾਸ ਪ੍ਰਿਸਕ੍ਰਿਪਸ਼ਨ ਗਰੇਡ ਦੇ ਓਪੀਔਡਜ਼ ਦੇ ਜਾਣੇ ਜਾਂਦੇ ਤੱਤ ਸ਼ਾਮਲ ਹੋ ਸਕਦੇ ਹਨ। ਇਕ ਉਦਾਹਰਣ ਵਿਚ ਸੇਫਰ (SAFER) ਸ਼ਾਮਲ ਹੈ, ਜੋ ਕਿ ਹੈਲਥ ਕੈਨੇਡਾ (Health Canada) ਦੇ ਫੰਡਾਂ ਨਾਲ 2021 ਵਿਚ ਸ਼ੁਰੂ ਕੀਤਾ ਗਿਆ ਵੀ ਸੀ ਐੱਚ ਦਾ ਇਕ ਪਾਇਲਟ ਪ੍ਰੋਗਰਾਮ ਸੀ।

**ਸੇਫਰ, ਵੈਨਕੂਵਰ ਦੇ ਡਾਊਨਟਾਊਨ ਈਸਟਸਾਈਡ ਵਿਚ ਹੈ, ਜੋ ਇਕ ਕਲਿਨੀਕਲ ਮਾਡਲ ਦੀ ਵਰਤੋਂ ਕਰਦੇ ਹੋਏ ਕਲਾਇੰਟਾਂ ਨੂੰ ਫੈਂਟਾਨਿਲ ਵਾਲੀਆਂ ਵਸਤਾਂ ਦਿੰਦਾ ਹੈ ਅਤੇ ਪੀ ਐੱਚ ਐੱਸ ਕਮਿਊਨਟੀ ਸਰਵਿਸਿਜ਼ ਸੁਸਾਇਟੀ ਅਤੇ ਬੀ.ਸੀ. ਸੈਂਟਰ ਔਨ ਸਬਸਟੈਂਸ ਯੂਜ਼ (PHS Community Services Society and the B.C. Centre on Substance Use) ਵਿਚਕਾਰ ਭਾਈਵਾਲੀ ਵਜੋਂ ਚੱਲਦਾ ਹੈ।**

ਫਾਰਮਾਸੂਟੀਕਲ-ਗਰੇਡ ਦੇ ਓਪੀਔਡਜ਼ ਦੇ ਇਲਾਵਾ, ਕਲਾਇੰਟਾਂ ਨੂੰ ਇਲਾਕੇ ਵਿਚ ਇਲਾਜ, ਨੁਕਸਾਨ ਘਟਾਉਣ ਅਤੇ ਰਾਜ਼ੀ ਹੋਣ ਲਈ ਮਦਦਾਂ ਨਾਲ ਵੀ ਜੋੜਿਆ ਜਾਂਦਾ ਹੈ। ਇਕ ਹੋਰ ਪ੍ਰੋਗਰਾਮ ਜਿਹੜਾ ਫਾਰਮਾਸੂਟੀਕਲ ਬਦਲ ਪ੍ਰਦਾਨ ਕਰਦਾ ਹੈ ਉਹ ਇਨਸਾਈਟ (Insite) ਹੈ ਜੋ ਕਿ ਨੌਰਥ ਅਮਰੀਕਾ ਦੀ ਨਸ਼ੇ ਲਈ ਪਹਿਲੀ ਨਿਗਰਾਨੀ ਵਾਲੀ ਥਾਂ ਹੈ। ਇਹ ਥਾਂ ਨੁਕਸਾਨ ਘਟਾਉਣ ਦੀਆਂ

ਸੇਵਾਵਾਂ ਤੱਕ ਪਹੁੰਚ ਕਰ ਰਹੇ ਆਪਣੇ ਕੁਝ ਕਲਾਇੰਟਾਂ ਨੂੰ ਪ੍ਰਿਸਕਰਾਈਬਡ ਫੈਂਟਾਨਿਲ ਦੀਆਂ ਵਸਤਾਂ ਦੀ ਉਪਲਬਧੀ ਵਧਾ ਰਹੀ ਹੈ।

ਸੇਫਰ ਅਤੇ ਇਨਸਾਈਟ `ਤੇ ਕਲਾਇੰਟ ਕੇਅਰ ਦੇ ਨਤੀਜੇ ਇਸ ਚੀਜ਼ ਬਾਰੇ ਸਬੂਤ ਪੈਦਾ ਕਰਨਗੇ ਕਿ ਕਿਵੇਂ ਫਾਰਮਾਸੂਟੀਕਲ ਬਦਲ ਕਮਿਊਨਟੀ ਵਿਚ ਜ਼ਿਆਦਾ ਵਿਆਪਕ ਤੌਰ `ਤੇ ਦਿੱਤੇ ਜਾ ਸਕਦੇ ਹਨ। ਜਦੋਂ ਕਿ ਇਹ ਕੰਮ ਜਾਰੀ ਹੈ, ਵੀ ਸੀ ਐੱਚ ਦੇ ਕਈ ਹੋਰ ਸਥਾਨ ਵੀ ਉਨ੍ਹਾਂ ਕਲਾਇੰਟਾਂ ਨੂੰ ਪ੍ਰਿਸਕ੍ਰਿਪਸ਼ਨ ਫੈਂਟਾਨਿਲ ਦੇ ਪੈਚ ਦਿੰਦੇ ਹਨ ਜਿਹੜੇ ਨਸ਼ਿਆਂ ਦੀ ਵਰਤੋਂ ਕਰਦੇ ਹਨ, ਜਿਨ੍ਹਾਂ ਵਿਚ ਕਮਿਊਨਟੀ ਹੈਲਥ ਸੈਂਟਰ ਅਤੇ ਵੀ ਸੀ ਐੱਚ ਦੇ ਫੰਡਾਂ ਵਾਲੇ ਹੋਰ ਸਥਾਨ ਵੀ ਸ਼ਾਮਲ ਹਨ। ਰਲ ਕੇ, ਇਹ ਕੰਮ ਗੈਰ-ਕਾਨੂੰਨੀ ਨਸ਼ਿਆਂ ਦੀ ਸਪਲਾਈ ਤੱਕ ਕਲਾਇੰਟਾਂ ਦੀ ਲੋੜ ਨੂੰ ਘਟਾਉਂਦਾ ਹੈ ਅਤੇ ਓਵਰਡੋਜ਼ ਹੋਣ ਦਾ ਉਨ੍ਹਾਂ ਦਾ ਖਤਰਾ ਘਟਾਉਂਦਾ ਹੈ।

ਸੇਵਾਵਾਂ ਵਿਚ ਇਹ ਵਾਧੇ, ਰੋਕਥਾਮ ਕਰਨ, ਨੁਕਸਾਨ ਘਟਾਉਣ, ਇਲਾਜ ਅਤੇ ਰਿਕਵਰੀ ਦੀਆਂ ਸੇਵਾਵਾਂ ਦੇ ਨਾਲ ਨਾਲ, ਗੈਰ-ਕਾਨੂੰਨੀ ਨਸ਼ਿਆਂ ਦੀ ਜ਼ਹਿਰ ਦੀ ਪਬਲਿਕ ਹੈਲਥ ਐਮਰਜੰਸੀ ਲਈ ਵੀ ਸੀ ਐੱਚ ਦੇ ਜਵਾਬ ਦਾ ਇਕ ਜ਼ਰੂਰੀ ਹਿੱਸਾ ਹਨ। ਉਹ ਸਾਨੂੰ ਉਨ੍ਹਾਂ ਕਲਾਇੰਟਾਂ ਨੂੰ ਮਿਲਣ ਦੇ ਯੋਗ ਬਣਾਉਂਦੇ ਹਨ ਜਿਹੜੇ ਆਪਣੀ ਰਿਕਵਰੀ ਦੇ ਸਫ਼ਰ `ਤੇ ਹੁੰਦੇ ਹਨ ਅਤੇ ਉਹ ਜ਼ਰੂਰੀ, ਜ਼ਿੰਦਗੀ ਬਚਾਉਣ ਵਾਲੀਆਂ ਹੈਲਥ ਕੇਅਰ ਦੀਆਂ ਸੇਵਾਵਾਂ ਵਿਚ ਸ਼ਮੂਲੀਅਤ ਵਧਾਉਂਦੇ ਹਨ।



# ਸਭਿਆਚਾਰਕ ਤੌਰ ’ਤੇ ਸੁਰੱਖਿਅਤ ਸੰਭਾਲ ਪ੍ਰਦਾਨ ਕਰਨ ਲਈ ਰਲ ਕੇ ਕੰਮ ਕਰਨਾ


## ਆਦਿਵਾਸੀ ਕਲਾਇੰਟਾਂ ਨੂੰ ਬਹੁਤ ਵਧੀਆ ਸੰਭਾਲ ਪ੍ਰਦਾਨ ਕਰਨਾ ਨਿਮਰਤਾ ਅਤੇ ਸਹਿਯੋਗ ਦੇ ਸਭਿਆਚਾਰ ਨਾਲ ਸ਼ੁਰੂ ਹੁੰਦਾ ਹੈ।

ਬਹੁਤ ਸਨਮਾਨ ਅਤੇ ਨਿਮਰਤਾ ਨਾਲ ਅਸੀਂ Tla’amin ਫਸਟ ਨੇਸ਼ਨ ਨਾਲ ਮੈਮੋਰੈਂਡਮ ਔਫ ਅੰਡਰਸਟੈਂਡਿੰਗ (ਐੱਮ ਓ ਯੂ) (Memorandum of Understanding (MOU)) ’ਤੇ ਦਸਖਤ ਕੀਤੇ। ਵੀ ਸੀ ਐੱਚ ਦੇ ਇਲਾਕੇ ਵਿਚ ਘੱਟੋ ਘੱਟ ਸੱਤ ਨੇਸ਼ਨਾਂ ਨੇ ਇਹੋ ਕਰਨ ਵਿਚ ਦਿਲਚਸਪੀ ਜ਼ਾਹਰ ਕੀਤੀ ਹੈ। ਅਸੀਂ ਬ੍ਰਿਟਿਸ਼ ਕੋਲੰਬੀਆ ਦੀ Métis ਨੇਸ਼ਨ (Métis Nation) ਨਾਲ ਲੈਟਰ ਔਫ ਅੰਡਰਸਟੈਂਡਿੰਗ (ਐੱਲ ਓ ਯੂ) (Letter of Understanding (LOU)) `ਤੇ ਦਸਖਤ ਕਰਨ ਦਾ ਵੀ ਜਸ਼ਨ ਮਨਾ ਰਹੇ ਹਾਂ, ਜੋ ਕਿ ਸਾਡੇ ਇਲਾਕੇ ਵਿਚ Métis ਲੋਕਾਂ ਲਈ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਵਿਲੱਖਣਤਾ ਆਧਾਰਿਤ ਪਹੁੰਚ ਪ੍ਰਦਾਨ ਕਰਨ ਲਈ ਸਾਡੇ ਸਫ਼ਰ ਵਿਚ ਇਕ ਮਹੱਤਵਪੂਰਨ ਮੀਲ ਪੱਥਰ ਹੈ।

ਸਾਡੇ ਐੱਲ ਓ ਯੂ (LOU) ਅਤੇ ਐੱਮ ਓ ਯੂਜ਼ (MOUs), ਫਸਟ ਨੇਸ਼ਨਜ਼, Métis ਅਤੇ Inuit ਭਾਈਚਾਰਿਆਂ ਨਾਲ ਸਾਡੇ ਮੌਜੂਦਾ ਸੰਬੰਧਾਂ ਦੀ ਕੁਦਰਤੀ ਪ੍ਰਗਤੀ ਅਤੇ ਸੁਲ੍ਹਾ-ਸਫ਼ਾਈ ਅਤੇ ਆਦਿਵਾਸੀ ਲੋਕਾਂ ਦੇ ਹੱਕਾਂ ਨੂੰ ਕਾਇਮ ਰੱਖਣ ਦੀ ਸਾਡੀ ਵਚਨਬੱਧਤਾ ਦਾ ਅਕਸ ਦਿਖਾਉਂਦੇ ਹਨ। ਉਹ ਸਾਨੂੰ ਸੇਧ ਦੇਣ ਵਾਲੇ ਸਿਧਾਂਤਾਂ ਨਾਲ ਜੋੜਦੇ ਹਨ ਅਤੇ ਆਪਸੀ ਤਰਜੀਹਾਂ ਦੀ ਪਛਾਣ ਕਰਦੇ ਹਨ, ਅਤੇ ਹਰ ਭਾਈਚਾਰੇ ਵਿਚ ਹੈਲਥ ਕੇਅਰ ਨੂੰ ਅੱਗੇ ਵਧਾਉਣ ਦੀ ਸਾਡੀ ਪਹੁੰਚ ਨੂੰ ਪ੍ਰਭਾਸ਼ਿਤ ਕਰਦੇ ਹਨ। ਇਹ ਸਾਡੀਆਂ ਭਾਈਵਾਲੀਆਂ ਲਈ ਇਕਸਾਰ, ਤਾਲਮੇਲ ਵਾਲੀ ਅਤੇ ਸੋਚ ਵਿਚਾਰ ਕੇ ਅਪਣਾਈ ਜਾਣ ਵਾਲੀ ਪਹੁੰਚ ਸਥਾਪਤ ਕਰਦੀ ਹੈ। ਜਿਵੇਂ ਸਾਡੀਆਂ ਭਾਈਵਾਲੀਆਂ ਫਸਟ ਨੇਸ਼ਨਜ਼, Métis ਅਤੇ Inuit ਭਾਈਚਾਰਿਆਂ ਨਾਲ ਵਿਕਸਤ ਹੁੰਦੀਆਂ ਹਨ, ਜਿਨ੍ਹਾਂ ਨੂੰ ਅਸੀਂ ਸੇਵਾਵਾਂ ਦਿੰਦੇ ਹਾਂ, ਅਰਥਪੂਰਨ ਸਹਿਯੋਗ ਅਤੇ ਸਾਂਝੇ ਫੈਸਲੇ ਕਰਨ ਦੇ ਮੌਕੇ, ਆਦਿਵਾਸੀ ਲੋਕਾਂ ਨੂੰ ਆਪਣੇ ਭਾਈਚਾਰਿਆਂ ਲਈ ਹੈਲਥ ਸੇਵਾਵਾਂ ਦੇ ਡਿਜ਼ਾਇਨ ਅਤੇ ਡਲਿਵਰੀ ਦੇ ਸੰਬੰਧ ਵਿਚ ਜ਼ਰੂਰੀ ਰੋਲ ਨਿਭਾਉਣ ਦੇ ਹੋਰ ਯੋਗ ਬਣਾਉਣਗੇ।

ਆਦਿਵਾਸੀ ਕਲਾਇੰਟਾਂ ਲਈ ਸੰਭਾਲ ਦੀਆਂ ਸਭਿਆਚਾਰਕ ਤੌਰ `ਤੇ ਸੁਰੱਖਿਅਤ ਚੋਣਾਂ ਵਿਚ ਵਾਧਾ ਕਰਨ ਲਈ ਅਸੀਂ ਹਿੱਸੇਦਾਰਾਂ ਦੇ ਆਪਣੇ ਬਹੁਭਾਂਤੀ ਨੈੱਟਵਰਕ ਨੂੰ ਵੀ ਵੱਡਾ ਕਰ ਰਹੇ ਹਾਂ। ਪਿਛਲੇ ਸਾਲ, ਅਸੀਂ ਉਨ੍ਹਾਂ ਆਦਿਵਾਸੀ ਔਰਤਾਂ ਲਈ ਨਸਲਵਾਦ ਵਿਰੋਧੀ, ਸਦਮੇ ਤੋਂ ਜਾਣੂ, ਸਭਿਆਚਾਰਕ ਤੌਰ `ਤੇ ਸੁਰੱਖਿਅਤ ਸੰਭਾਲ ਪ੍ਰਦਾਨ ਕਰਨ ਵਿਚ ਮਦਦ ਲਈ ਸ਼ੀਵੇਅ (Sheway) ਨਾਲ ਹਿੱਸੇਦਾਰੀ ਕੀਤੀ ਜਿਹੜੀਆਂ ਗਰਭਵਤੀ ਹਨ ਅਤੇ ਨਸ਼ਿਆਂ ਦੀ ਵਰਤੋਂ ਕਰਦੀਆਂ ਹਨ ਅਤੇ ਵੈਨਕੂਵਰ ਦੇ ਡਾਊਨਟਾਊਨ ਈਸਟਸਾਈਡ (Vancouver's Downtown Eastside) ਵਿਚ ਰਹਿੰਦੀਆਂ ਹਨ। ਸ਼ੀਵੇਅ ਵਿਚ ਸੇਵਾਵਾਂ ਲੈ ਰਹੇ ਦੋ-ਤਿਹਾਈ ਕਲਾਇੰਟ ਆਪਣੀ ਪਛਾਣ ਆਦਿਵਾਸੀ ਵਜੋਂ ਕਰਵਾਉਂਦੇ ਹਨ। ਅਸੀਂ ਬੱਚਿਆਂ ਅਤੇ ਪਰਿਵਾਰਾਂ ਲਈ ਉਪਲਬਧ ਅਨੁਭਵਾਂ ਅਤੇ ਮਦਦ ਵਿਚ ਵਾਧਾ ਕਰਨ ਵਾਸਤੇ ਆਦਿਵਾਸੀ ਕਲਾ ਅਤੇ ਸਭਿਆਚਾਰ, ਆਦਿਵਾਸੀਆਂ ਬਾਰੇ ਜਾਣਕਾਰੀ ਦੇਣ ਵਾਲੇ ਪ੍ਰੋਗਰਾਮ ਅਤੇ ਟੀਮ ਮੈਂਬਰ ਵਧਾਉਣ ਲਈ ਸ਼ੀਵੇਅ ਨਾਲ ਸਹਿਯੋਗ ਕਰਨਾ ਜਾਰੀ ਰੱਖਾਂਗੇ। ਸਾਡੇ ਲਈ, ਇਹ ਜ਼ਰੂਰੀ ਹੈ ਕਿ ਆਦਿਵਾਸੀ ਭਾਈਚਾਰੇ ਦਾ ਹਰ ਮੈਂਬਰ ਸੰਭਾਲ ਜਾਂ ਮਦਦ ਲੈਣ ਵੇਲੇ ਸੁਰੱਖਿਅਤ ਅਤੇ ਸੁਆਗਤ ਹੁੰਦਾ ਮਹਿਸੂਸ ਕਰੇ।


> ਅਸੀਂ ਫਸਟ ਨੇਸ਼ਨਜ਼ ਦੇ ਭਾਈਵਾਲਾਂ ਤੋਂ ਸਿੱਖਣਾ ਜਾਰੀ ਰੱਖਾਂਗੇ ਕਿਉਂਕਿ ਉਹ ਸਿਹਤ ਬੇਇਨਸਾਫੀਆਂ ਦਾ ਹੱਲ ਕਰਨ ਲਈ ਸਾਨੂੰ ਸੇਧ ਦਿੰਦੇ ਹਨ ਜਿਹੜੀਆਂ ਬਹੁਤ ਸਾਰੇ ਆਦਿਵਾਸੀ ਭਾਈਚਾਰਿਆਂ ਲਈ ਅੱਜ ਵੀ ਮੌਜੂਦ ਹਨ। ਇਸ ਪ੍ਰਤੀ ਸਾਡਾ ਸਮਰਪਣ, ਆਦਿਵਾਸੀ ਲੋਕਾਂ ਨਾਲ ਮੇਲ-ਮਿਲਾਪ ਵੱਲ ਸਾਡੇ ਜਾਰੀ ਸਫ਼ਰ ਦਾ ਇਕ ਹਿੱਸਾ ਹੈ।
>
> **Vivian Eliopoulos**
>
> ਪ੍ਰੈਜ਼ੀਡੈਂਟ ਅਤੇ ਸੀ ਈ ਓ, ਵੀ ਸੀ ਐੱਚ।



# ਸਦਾ ਸਿੱਖ ਰਹੇ ਹਾਂ

**ਅਸੀਂ ਜਗਿਆਸੂ ਰਹਿਣ ਵਿਚ ਵਿਸ਼ਵਾਸ ਰੱਖਦੇ ਹਾਂ, ਹਮੇਸ਼ਾਂ ਨਵੇਂ ਵਿਚਾਰਾਂ ਅਤੇ ਹੈਲਥ ਕੇਅਰ ਵਿਚ ਸੁਧਾਰ ਕਰਨ ਦੇ ਤਰੀਕਿਆਂ ਲਈ ਖੁੱਲ੍ਹੇ ਹਾਂ।**

# ਰਿਚਮੰਡ ਹਸਪਤਾਲ ਦੇ ਸਭ ਤੋਂ ਛੋਟੀ ਉਮਰ ਦੇ ਮਰੀਜ਼ਾਂ ਦੇ ਮਾਪਿਆਂ ਦੇ ਆਪਣੇ ਬਾਲਾਂ ਨਾਲ ਨਵੇਂ ਕੋਨੈਕਸ਼ਨ ਹੋਏ






ਸਮੇਂ ਤੋਂ ਪਹਿਲਾਂ ਜਾਂ ਬੀਮਾਰ ਪੈਦਾ ਹੋਏ ਨਵਜੰਮੇ ਬੱਚਿਆਂ ਦੇ ਮਾਪੇ ਹੋਣਾ ਇਕ ਬਹੁਤ ਹੀ ਤਣਾਅ ਵਾਲਾ ਅਨੁਭਵ ਹੈ, ਖਾਸ ਕਰਕੇ ਜਦੋਂ ਕਿਸੇ ਬਾਲ ਨੂੰ ਮਾਂ ਨੂੰ ਛੁੱਟੀ ਮਿਲਣ ਤੋਂ ਬਾਅਦ ਨਿਊਨੇਟਲ ਇਨਟੈਨਸਿਵ ਕੇਅਰ ਯੂਨਿਟ (ਐੱਨ ਆਈ ਸੀ ਯੂ) (Neonatal Intensive Care Unit (NICU)) ਵਿਚ ਦਾਖਲ ਕੀਤੇ ਜਾਣ ਦੀ ਲੋੜ ਹੁੰਦੀ ਹੈ। ਸਰੀਰਕ ਅਲਹਿਦਗੀ ਉਸ ਚਿੰਤਾ ਵਿਚ ਵਾਧਾ ਕਰਦੀ ਹੈ ਜਿਸ ਰਾਹੀਂ ਮਾਪੇ ਇਸ ਔਖੇ ਸਮੇਂ ਲੰਘ ਰਹੇ ਹੁੰਦੇ ਹਨ।

ਸਮੇਂ ਤੋਂ ਪਹਿਲਾਂ ਪੈਦਾ ਹੋਏ ਆਪਣੇ ਬਾਲਾਂ ਨਾਲ ਪਰਿਵਾਰਾਂ ਨੂੰ ਬਿਹਤਰ ਜੋੜਨ ਲਈ, ਰਿਚਮੰਡ ਹਸਪਤਾਲ ਨੇ ਬੀ.ਸੀ. ਵਿਚ ਆਪਣੀ ਕਿਸਮ ਦੇ ਇਸ ਪਹਿਲੇ ਉੱਦਮ ਦੀ ਸ਼ੁਰੂਆਤ ਦਾ ਐਲਾਨ ਕੀਤਾ ਹੈ। ਮਾਪੇ ਹੁਣ ਇਕ ਪ੍ਰਾਈਵੇਟ ਅਤੇ ਸੁਰੱਖਿਅਤ ਲਾਈਵ-ਸਟ੍ਰੀਮਿੰਗ ਕੈਮਰੇ ਰਾਹੀਂ ਆਪਣੇ ਸਮੇਂ ਤੋਂ ਪਹਿਲਾਂ ਪੈਦਾ ਹੋਏ ਬਾਲ `ਤੇ ਦਿਨ ਦੇ 24 ਘੰਟੇ, ਹਫਤੇ ਦੇ ਸੱਤੇ ਦਿਨ ਨਿਗਰਾਨੀ ਰੱਖ ਸਕਦੇ ਹਨ ਅਤੇ ਉਸ ਕੋਲ ਵਰਚੂਅਲੀ ਵਿਜ਼ਟ ਕਰ ਸਕਦੇ ਹਨ। ਹਸਪਤਾਲ ਦੇ ਐੱਨ ਆਈ ਸੀ ਯੂ (NICU) ਨੇ ਪਹਿਲਾਂ ਜੂਨ 2022 ਵਿਚ ਇਕ ਪਾਇਲਟ ਪ੍ਰੋਜੈਕਟ ਦੇ ਹਿੱਸੇ ਵਜੋਂ ਬਾਲਾਂ ਦੇ ਬੈੱਡਾਂ ਕੋਲ ਕੈਮਰੇ ਲਗਾਏ ਸਨ।


ਪਾਇਲਟ ਦੇ ਸ਼ੁਰੂ ਹੋਣ ਤੋਂ ਲੈ ਕੇ, ਐੱਨ ਆਈ ਸੀ ਯੂ ਨੇ 40 ਤੋਂ ਜ਼ਿਆਦਾ ਬੇਬੀਆਂ ਅਤੇ ਪਰਿਵਾਰਾਂ ਨੂੰ ਵਰਚੂਅਲੀ ਜੋੜਿਆ ਹੈ, ਅਤੇ ਦੁਨੀਆ ਭਰ ਤੋਂ 2,500 ਵਿਲੱਖਣ ਵਿਜ਼ਟਾਂ ਕਰਵਾਈਆਂ ਹਨ ਜਿਨ੍ਹਾਂ ਵਿਚ ਕੋਲੰਬੀਆ, ਫਿਲੀਪੀਨਜ਼ ਅਤੇ ਆਇਰਲੈਂਡ ਸ਼ਾਮਲ ਹਨ। ਟੈਕਨੋਲੋਜੀ ਨੂੰ ਵਰਤਣ ਵਾਲੇ ਪਰਿਵਾਰਾਂ ਦੇ ਇਕ ਸਰਵੇ ਵਿਚ, ਹਿੱਸਾ ਲੈਣ ਵਾਲੇ 100 ਪ੍ਰਤੀਸ਼ਤ ਨੇ ਇਹ ਕਿਹਾ ਹੈ ਕਿ ਇਸ ਨੇ ਉਨ੍ਹਾਂ ਦੀ ਚਿੰਤਾ ਦਾ ਪੱਧਰ ਘਟਾਇਆ ਹੈ ਅਤੇ ਆਪਣੇ ਬੇਬੀ ਨਾਲ ਜੁੜਨ ਵਿਚ ਮਦਦ ਕੀਤੀ ਹੈ।

ਪਰਿਵਾਰਾਂ ਤੋਂ ਮਿਲੀ ਹਾਂਪੱਖੀ ਫੀਡਬੈਕ ਦੇ ਆਧਾਰ `ਤੇ, ਸੁਰੱਖਿਅਤ ਕੈਮਰਾ ਸਿਸਟਮ ਹਸਪਤਾਲ ਦੇ ਐੱਨ ਆਈ ਸੀ ਯੂ ਵਿਚ ਪੱਕੀ ਤਰ੍ਹਾਂ ਕਾਇਮ ਰਹੇਗਾ। ਰਿਚਮੰਡ ਹਸਪਤਾਲ ਦੇ ਐੱਨ ਆਈ ਸੀ ਯੂ ਵਿਚ ਰਹਿਣ ਦੀ ਔਸਤ ਲੰਬਾਈ ਦੋ ਹਫਤਿਆਂ ਦੀ ਹੋਣ ਕਰਕੇ, ਬਹੁਤ ਸਾਰੇ ਪਰਿਵਾਰ ਜਿਹੜੇ ਆਪਣੇ ਬਾਲ ਨਾਲ ਲਗਾਤਾਰ ਨਹੀਂ ਰਹਿ ਸਕਦੇ, ਉਨ੍ਹਾਂ ਕੋਲ ਬਾਲ ਨਾਲ ਜੁੜਨ ਦੀ ਇਹ ਬਦਲਵੀਂ ਚੋਣ ਹੈ।

ਇਸ ਉੱਦਮ ਬਾਰੇ ਗੱਲ ਕਰਦੇ ਹੋਏ ਰਿਚਮੰਡ ਹਸਪਤਾਲ ਦੇ ਵਿਮਨਜ਼ ਐਂਡ ਚਿਲਡਰਨਜ਼ ਪ੍ਰੋਗਰਾਮ ਮੈਨੇਜਰ Jill Schulmeister ਨੇ ਕਿਹਾ, "ਕੋਈ ਵੀ ਮਾਪਾ ਆਪਣੇ ਬੇਬੀ ਤੋਂ ਬਿਨਾਂ ਹਸਪਤਾਲ ਤੋਂ ਜਾਣ ਦੀ ਉਮੀਦ ਨਹੀਂ ਰੱਖਦਾ ਅਤੇ, ਬਦਕਿਸਮਤੀ ਨਾਲ, ਇਹ ਉਨ੍ਹਾਂ ਲਈ ਇਕ ਸਚਾਈ ਹੈ ਜਿਨ੍ਹਾਂ ਦੇ ਬੇਬੀਆਂ ਨੂੰ ਜਨਮ ਤੋਂ ਬਾਅਦ ਖਾਸ ਸੰਭਾਲ ਦੀ ਲੋੜ ਹੁੰਦੀ ਹੈ। ਮਾਪਿਆਂ ਉੱਪਰ ਇਸ ਅਲਹਿਦਗੀ ਦੇ ਜਜ਼ਬਾਤੀ ਅਸਰ ਨੂੰ ਦੇਖਦੇ ਹੋਏ, ਐੱਨ ਆਈ ਸੀ ਯੂ ਟੀਮ ਪਰਿਵਾਰਾਂ ਅਤੇ ਬੇਬੀਆਂ ਨੂੰ ਜੁੜੇ ਹੋਏ ਰੱਖਣ ਦਾ ਤਰੀਕਾ ਲੱਭਣਾ ਚਾਹੁੰਦੀ ਸੀ, ਜਦੋਂ ਉਹ ਸਰੀਰਕ ਤੌਰ `ਤੇ ਇਕੱਠੇ ਨਹੀਂ ਵੀ ਹੁੰਦੇ।"

> ਇਕ ਮਾਪੇ ਵਜੋਂ, ਇਸ ਚੀਜ਼ ਨੇ ਸਾਡੇ ਪਰਿਵਾਰ ਨੂੰ ਬਹੁਤ ਚੈਨ ਦਿੱਤਾ ਅਤੇ ਯਕੀਨ ਦੁਆਇਆ ਕਿ ਅਸੀਂ ਆਪਣੇ ਬੇਬੀਆਂ ਨੂੰ ਚੈੱਕ ਕਰਨ ਦੇ ਯੋਗ ਸੀ ਜਦੋਂ ਅਸੀਂ ਉਨ੍ਹਾਂ ਦੇ ਬੈੱਡਾਂ ਕੋਲ ਨਹੀਂ ਹੁੰਦੇ ਸੀ। ਮੈਂ ਬਹੁਤ ਧੰਨਵਾਦੀ ਹਾਂ ਕਿ ਸਾਡੇ ਲਈ ਇਹ ਚੋਣ ਉਪਲਬਧ ਸੀ ਅਤੇ ਇਹ ਸਮੇਂ ਤੋਂ ਪਹਿਲਾਂ ਪੈਦਾ ਹੋਏ ਬੇਬੀਆਂ ਵਾਲੇ ਹੋਰ ਪਰਿਵਾਰਾਂ ਲਈ ਵੀ ਇਕ ਚੋਣ ਹੋਵੇਗੀ।
>
> **Preethi Krishan**
> ਜੋੜੇ ਬੱਚਿਆਂ ਦੀ ਮਾਂ ਜਿਨ੍ਹਾਂ ਦੀ ਰਿਚਮੰਡ ਹਸਪਤਾਲ ਦੇ ਐੱਨ ਆਈ ਸੀ ਯੂ ਵਿਚ ਸੰਭਾਲ ਹੋਈ।

# ਬੋਲੀ ਦੀਆਂ ਸੇਵਾਵਾਂ ਮਰੀਜ਼ਾਂ ਲਈ ਰੁਕਾਵਟਾਂ ਘਟਾਉਂਦੀਆਂ ਹਨ



ਬੋਲੀ ਅਤੇ ਸਭਿਆਚਾਰ ਦੀਆਂ ਰੁਕਾਵਟਾਂ, ਹੈਲਥ ਕੇਅਰ ਲੱਭ ਰਹੇ ਅਤੇ ਲੈ ਰਹੇ ਮਰੀਜ਼ਾਂ ਲਈ ਚੁਣੌਤੀਆਂ ਪੈਦਾ ਕਰ ਸਕਦੀਆਂ ਹਨ। ਜਨਵਰੀ 2022 ਵਿਚ, ਬੋਲੀ ਦੀਆਂ ਸੇਵਾਵਾਂ ਦਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਸੀ ਜਿਸ ਦਾ ਮਕਸਦ, ਸਿਹਤ ਜਾਣਕਾਰੀ ਦਾ ਅਨੁਵਾਦ ਕਰਕੇ ਹੈਲਥ ਕੇਅਰ ਸਿਸਟਮ ਤੱਕ ਪਹੁੰਚ ਕਰ ਰਹੇ ਅਤੇ ਇਸ ਵਿਚ ਦੀ ਲੰਘ ਰਹੇ ਮਰੀਜ਼ਾਂ ਲਈ ਰੁਕਾਵਟਾਂ ਘੱਟ ਕਰਨਾ ਸੀ।

ਪ੍ਰੋਗਰਾਮ ਦੀ ਤਿਆਰੀ ਨੂੰ ਸੇਧ ਦੇਣ ਵਾਸਤੇ, ਵੀ ਸੀ ਐੱਚ ਨੇ ਆਪਣੇ ਇਲਾਕੇ ਵਿਚ ਅਨੁਵਾਦ ਅਤੇ ਤਰਜਮਾ ਕਰਨ ਦੇ ਅਮਲਾਂ ਦਾ ਰਿਵੀਊ ਕਰਨ ਲਈ ਨੇੱਬਰਹੁੱਡ ਹਾਊਸਿਜ਼, ਸਕਸੈੱਸ (S.U.C.C.E.S.S.), ਮੋਜ਼ੈਕ, ਇਮੀਗਰਾਂਟ ਸਰਵਿਸਿਜ਼ ਸੁਸਾਇਟੀ ਔਫ ਬੀ ਸੀ ਅਤੇ ਸੂਬੇ ਦੀ ਹੈਲਥ ਸਰਵਿਸਿਜ਼ ਅਥਾਰਟੀ ਤੋਂ ਭਾਈਵਾਲਾਂ ਨਾਲ ਕੰਮ ਕੀਤਾ। ਇਸ ਕਾਰਜ ਦਾ ਨਤੀਜਾ ਵੀ ਸੀ ਐੱਚ ਭਰ ਵਿਚ ਅਨੁਵਾਦ ਦੇ ਅਮਲਾਂ ਦੇ ਮਿਆਰੀਕਰਨ ਵਿਚ ਨਿਕਲਿਆ ਅਤੇ ਇਸ ਨੇ ਵੀ ਸੀ ਐੱਚ ਦੇ ਤਰਜਮੇ ਅਤੇ ਅਨੁਵਾਦ ਦੇ ਢਾਂਚੇ ਨੂੰ ਤਿਆਰ ਕਰਨ ਲਈ ਜਾਣਕਾਰੀ ਦਿੱਤੀ।

ਪਹਿਲੇ ਸਾਲ ਵਿਚ, ਪ੍ਰੋਗਰਾਮ ਨੇ ਵੱਖ ਵੱਖ ਸਾਮੱਗਰੀ ਦਾ ਅਨੁਵਾਦ ਕੀਤਾ ਜਿਵੇਂ ਕਿ ਇਸ ਗੱਲ ਬਾਰੇ ਹਿਦਾਇਤਾਂ ਕਿ ਐਮਰਜੰਸੀ ਜਾਂ ਜ਼ਰੂਰੀ ਮੁਢਲੇ ਇਲਾਜ ਤੱਕ ਕਿਵੇਂ, ਅਤੇ ਕਦੋ ਪਹੁੰਚ ਕਰਨੀ ਹੈ, ਫੈਮਿਲੀ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਕਿਵੇਂ ਲੱਭਣਾ ਹੈ, ਪਬਲਿਕ ਹੈਲਥ ਦੀ ਜਾਣਕਾਰੀ (ਜਿਸ ਵਿਚ ਗਰਮੀ ਬਾਰੇ ਵਾਰਨਿੰਗਾਂ ਅਤੇ ਸਿਹਤ ਦੀਆਂ ਹੋਰ ਸਾਵਧਾਨੀਆਂ ਸ਼ਾਮਲ ਹਨ), ਸਰਜਰੀ ਤੋਂ ਪਹਿਲਾਂ ਅਤੇ ਬਾਅਦ ਲਈ ਜਾਣਕਾਰੀ, ਸਵੈ-ਸੰਭਾਲ ਅਤੇ ਸੀਨੀਅਰਾਂ ਲਈ ਹੋਮ ਸੁਪੋਰਟ ਅਤੇ ਇਸ ਦੇ ਨਾਲ ਨਾਲ ਵੀ ਸੀ ਐੱਚ ਵਿਚਲੇ ਨਵੇਂ ਮਰੀਜ਼ਾਂ ਲਈ ਹੈਲਥ ਕੇਅਰ ਦੀਆਂ ਉਪਲਬਧ ਸੇਵਾਵਾਂ ਦੀ ਆਮ ਜਾਣਕਾਰੀ।

ਮੁਢਲੀ ਫੀਡਬੈਕ ਨੇ ਇਹ ਸੰਕੇਤ ਦਿੱਤਾ ਹੈ ਕਿ ਮਰੀਜ਼ ਹੈਲਥ ਕੇਅਰ ਦੀਆਂ ਅਪੌਇੰਟਮੈਂਟਾਂ `ਤੇ ਆਉਣ ਸਮੇਂ ਜ਼ਿਆਦਾ ਜਾਣਕਾਰ ਮਹਿਸੂਸ ਕਰਦੇ ਹਨ ਅਤੇ ਉਨ੍ਹਾਂ ਨੂੰ ਉਨ੍ਹਾਂ ਲਈ ਉਪਲਬਧ ਵਸੀਲਿਆਂ ਅਤੇ ਇਲਾਜ ਦੀਆਂ ਚੋਣਾਂ ਬਾਰੇ ਤਕੜੀ ਸਮਝ ਹੈ। ਹੈਲਥ ਕੇਅਰ ਦੀ ਅਨੁਵਾਦ ਹੋਈ ਜਾਣਕਾਰੀ ਸਮਾਂ ਬਚਾ ਸਕਦੀ ਹੈ ਅਤੇ ਬੋਝ ਘਟਾ ਸਕਦੀ ਹੈ ਅਤੇ ਇਸ ਦੇ ਨਾਲ ਨਾਲ ਮਰੀਜ਼ ਦੇ ਅਨੁਭਵ ਵਿਚ ਵਾਧਾ ਕਰਦੀ ਹੈ।



**ਵੀ ਸੀ ਐੱਚ ਵਿਖੇ ਮਰੀਜ਼ਾਂ/ਕਲਾਇੰਟਾਂ ਵਲੋਂ ਜਿਹੜੀਆਂ ਪੰਜ ਮੁੱਖ ਜ਼ਬਾਨਾਂ ਵਿਚ ਅਨੁਵਾਦ ਦੀ ਮੰਗ ਕੀਤੀ ਜਾਂਦੀ ਹੈ ਉਹ ਹਨ:**

1. **ਟ੍ਰੈਡੀਸ਼ਨਲ ਚਾਇਨੀਜ਼**
2. **ਸਿੰਪਲੀਫਾਇਡ ਚਾਇਨੀਜ਼**
3. **ਪੰਜਾਬੀ**
4. **ਸਪੈਨਿਸ਼**
5. **ਵੀਅਤਨਾਮੀ**

**ਪ੍ਰੋਗਰਾਮ ਦੇ ਪਹਿਲੇ ਸਾਲ ਵਿਚ, ਲੈਂਗੂਏਜ ਸਰਵਿਸਿਜ਼ ਟੀਮ ਨੇ 11 ਮੁੱਖ ਜ਼ਬਾਨਾਂ ਵਿਚ 495 ਅਨੁਵਾਦ ਮੁਕੰਮਲ ਕੀਤੇ ਜਿਨ੍ਹਾਂ ਵਿਚ ਟ੍ਰੈਡੀਸ਼ਨਲ ਚਾਇਨੀਜ਼, ਸਿੰਪਲੀਫਾਇਡ ਚਾਇਨੀਜ਼, ਪੰਜਾਬੀ, ਸਪੈਨਿਸ਼, ਵੀਅਤਨਾਮੀ, ਫਾਰਸੀ, ਅਰਬੀ, ਕੋਰੀਅਨ, ਰਸ਼ੀਅਨ, ਟੈਗਾਲਗ ਅਤੇ ਜਪਾਨੀ ਸ਼ਾਮਲ ਹਨ।**

ਸਦਾ ਸਿੱਖ ਰਹੇ ਹਾਂ

# ਸੱਚਾਈ ਅਤੇ ਸਿਖਲਾਈ ਰਾਹੀਂ ਸੁਲਾਹ ਨਾਲ ਨਿਪਟਣਾ



**ਅਸੀਂ ਮੂਲਵਾਸੀ (Indigenous) ਗਾਹਕਾਂ ਨਾਲ ਉਹਨਾਂ ਦੀ ਸਿਹਤ ਸੰਭਾਲ ਦੇ ਸਫਰ ਦੇ ਹਰ ਇਕ ਕਦਮ `ਤੇ ਸਾਡੇ ਵਲੋਂ ਕੀਤੇ ਜਾਂਦੇ ਵਿਹਾਰ ਵਿੱਚ ਲਗਾਤਾਰ ਸੁਧਾਰ ਕਰ ਰਹੇ ਹਾਂ। ਆਨਲਾਈਨ ਪਹਿਲੀ ਕਲਿੱਕ ਤੋਂ ਲੈ ਕੇ ਫੈਸਿਲਟੀ ਵਿੱਚ ਮਰੀਜ਼ਾਂ ਦੀ ਸੰਭਾਲ ਤੱਕ ਹਰ ਸੰਪਰਕ ਗੱਲਬਾਤ ਅਤੇ ਸਟਾਫ ਦੀ ਸਭਿਆਚਾਰਕ ਯੋਗਤਾ ਨਾਲ ਮੂਲਵਾਸੀ (Indigenous) ਮਰੀਜ਼ਾਂ ਦੇ ਅਨੁਭਵ ਦਾ ਹਿੱਸਾ ਬਣਦਾ ਹੈ।**

ਇਨਡਿਜੀਨਸ (Indigenous) ਕਲਚਰਲ ਸੇਫਟੀ (ਆਈ ਸੀ ਐੱਸ) ਦੀ ਟੀਮ ਸਾਡੇ ਸਟਾਫ, ਮੈਡੀਕਲ ਸਟਾਫ ਅਤੇ ਫਰੰਟਲਾਈਨ ਵਰਕਰਾਂ ਨੂੰ ਆਈ ਸੀ ਐੱਸ ਹਮਿੰਗਬਰਡ ਐਜੂਕੇਸ਼ਨ ਪ੍ਰੋਗਰਾਮ ਦੀ ਪੜ੍ਹਾਈ ਲਗਾਤਾਰ ਕਰਾ ਰਹੀ ਹੈ। ਹਮਿੰਗਬਰਡ ਪ੍ਰੋਗਰਾਮ ਆਈ ਸੀ ਐੱਸ ਦੇ ਪਾਠਕ੍ਰਮ ਦੇ ਚਾਰ ਪੱਧਰਾਂ ਵਿੱਚੋਂ ਪਹਿਲਾ ਪੱਧਰ ਹੈ ਜਿਸ ਵਿੱਚ ਚਾਰ ਘੰਟਿਆਂ ਦੀ ਆਨਲਾਈਨ ਪੜ੍ਹਾਈ ਅਤੇ ਛੇ ਘੰਟਿਆਂ ਦੀ ਵਿਸਤ੍ਰਿਤ ਵਿਅਕਤੀਗਤ (ਇਨ-ਪਰਸਨ) ਸਿਖਲਾਈ ਸ਼ਾਮਲ ਹੈ। ਪਿਛਲੇ ਸਾਲ, ਆਈ ਸੀ ਐੱਸ ਦੀ ਟੀਮ ਅਤੇ ਇਨਡਿਜੀਨਸ (Indigenous) ਹੈਲਥ ਰਿਸਰਚ ਟੀਮ ਨੇ ਬਹੁਗਿਣਤੀ ਨਰਸਾਂ, ਰਜਿਸਟ੍ਰੇਸ਼ਨ ਕਰਨ ਵਾਲੇ ਕਲਰਕਾਂ ਅਤੇ ਅਲਾਈਡ ਹੈਲਥ ਪ੍ਰੋਫੈਸ਼ਨਲ ਨੂੰ ਪ੍ਰਦਾਨ ਕੀਤੇ ਹਮਿੰਗਬਰਡ ਪ੍ਰੋਗਰਾਮ ਦੇ ਲਾਗੂ ਕੀਤੇ ਜਾਣ ਦੇ ਅਮਲ ਅਤੇ ਉਸ ਦੇ ਨਤੀਜਿਆਂ ਦਾ ਮੁੱਲਾਂਕਣ ਕਰਨ ਲਈ ਵੀ ਜੀ ਐੱਚ ਦੇ ਐਮਰਜੰਸੀ ਵਿਭਾਗ ਨਾਲ ਮਿਲ ਕੇ ਕੰਮ ਕੀਤਾ ਸੀ। ਮੁੱਢਲੇ ਨਤੀਜੇ ਸਾਡੇ ਸੰਭਾਲ ਕਰਨ ਵਾਲਿਆਂ ਦੀ ਸਮਝ, ਵਿਹਾਰਾਂ ਅਤੇ ਵਤੀਰਿਆਂ ਵਿੱਚ ਸੁਧਾਰ ਦਰਸਾਉਂਦੇ ਹਨ।

2022 ਵਿੱਚ ਅਸੀਂ ਹਮਿੰਗਬਰਡ ਪ੍ਰੋਗਰਾਮ ਦੇ ਆਨਲਾਈਨ ਆਪ ਪੜ੍ਹਾਈ ਕਰਨ ਦੇ ਮੌਡਿਊਲ ਤੱਕ ਪਹੁੰਚ ਨੂੰ ਵਧਾਇਆ, ਜਿਸ ਦੇ ਨਤੀਜੇ ਵੱਜੋਂ ਵੀ ਸੀ ਐੱਚ ਦੇ 5000 ਤੋਂ ਵੱਧ ਕਰਮਚਾਰੀਆਂ ਨੇ ਇਹ ਸਿਖਲਾਈ ਪੂਰੀ ਕਰ ਲਈ ਹੈ ਅਤੇ ਇਹ ਗਿਣਤੀ ਲਗਾਤਾਰ ਵੱਧ ਰਹੀ ਹੈ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਆਈ ਸੀ ਐੱਸ ਦੀ ਸਿਖਲਾਈ ਰਾਹੀਂ ਅਸੀਂ ਆਪਣੇ ਸੰਭਾਲ ਪ੍ਰਦਾਨ ਕਰਨ ਵਾਲਿਆਂ ਦੀ ਸਭਿਆਚਾਰਕ ਯੋਗਤਾ ਵਿੱਚ ਵਾਧਾ ਕਰ ਰਹੇ ਹਾਂ ਜਿਸ ਨਾਲ ਅਸੀਂ ਮੂਲਵਾਸੀ (Indigenous) ਮਰੀਜ਼ਾਂ ਅਤੇ ਪਰਿਵਾਰਾਂ ਲਈ ਸੰਭਾਲ ਅਤੇ ਨਤੀਜਿਆਂ ਵਿੱਚ ਸੁਧਾਰ ਕਰਨ ਦੇ ਯੋਗ ਹੋ ਰਹੇ ਹਾਂ।

ਅਸੀਂ ਸ਼ਮੂਲੀਅਤ ਵਿੱਚ ਵਾਧਾ ਕਰਨ ਲਈ ਅਤੇ ਮੂਲਵਾਸੀ (Indigenous) ਮਰੀਜ਼ਾਂ ਅਤੇ ਉਹਨਾਂ ਦੇ ਸਭਿਆਚਾਰ ਦਾ ਸਤਿਕਾਰ ਕਰਨ ਲਈ ਆਪਣੀ ਭਾਸ਼ਾ ਵਿੱਚ ਤਬਦੀਲੀਆਂ ਕਰ ਰਹੇ ਹਾਂ। ਇਸ ਵਿੱਚ ਸ਼ਬਦਾਂ ਦੇ ਵਿਸ਼ਵ ਮਿਆਰ ਅਤੇ ਮੂਲਵਾਸੀ (Indigenous) ਲੋਕਾਂ ਦੇ ਅਧਿਕਾਰਾਂ ਬਾਰੇ ਯੂਨਾਈਟਿਡ ਨੇਸ਼ਨਜ਼ ਦੇ ਐਲਾਨਨਾਮੇ ਨਾਲ ਮੇਲਣ ਲਈ ਅੰਗਰੇਜ਼ੀ ਦੇ ਸ਼ਬਦ "Aboriginal (ਆਦਿਵਾਸੀ)" ਦੀ ਥਾਂ "Indigenous (ਮੂਲਵਾਸੀ )" ਸ਼ਬਦ ਦੀ ਵਰਤੋਂ ਕਰਨਾ ਸ਼ਾਮਲ ਹੈ। ਮੂਲਵਾਸੀ (Indigenous) ਲੋਕਾਂ ਦੀ ਸਭਿਆਚਾਰਕ ਸੁਰੱਖਿਆ ਵਿੱਚ ਸੁਧਾਰ ਕਰਨਾ ਸਿਰਫ ਸੇਵਾਵਾਂ ਤੱਕ ਸੀਮਤ ਨਹੀਂ ਹੈ। ਮਹੱਤਵਪੂਰਨ ਸ਼ਬਦਾਂ ਨੂੰ ਮੰਨਦਿਆਂ ਅਤੇ ਸਤਿਕਾਰ ਦਿੰਦਿਆਂ ਸਾਬਕਾ Powell River ਜਨਰਲ ਹਸਪਤਾਲ ਦਾ ਦੁਬਾਰਾ ਨਾਂ ਰੱਖਦੇ ਸਮੇਂ ਅਸੀਂ Tla'amin Nation ਨਾਲ ਮਿਲ ਕੇ ਕੰਮ ਕੀਤਾ। Tla'amin Nation ਨੇ ਖੁੱਲ੍ਹਦਿਲੀ ਨਾਲ ਵੀ ਸੀ ਐੱਚ ਨੂੰ qathet ਨਾਂ ਦਾ ਤੋਹਫਾ ਦਿੱਤਾ, ਜਿਸ ਦਾ ਮਤਲਬ "ਮਿਲ ਕੇ ਕੰਮ ਕਰਨਾ" ਹੈ। 25 ਜੁਲਾਈ 2022 ਨੂੰ, qathet ਜਨਰਲ ਹਸਪਤਾਲ ਦੇ ਨਾਂ ਦਾ ਐਲਾਨ ਕੀਤਾ ਗਿਆ।

> ਅਸੀਂ ਬਸਤੀਵਾਦ ਅਤੇ ਮੂਲਵਾਸੀ (Indigenous) ਵਸੋਂ ਦੀ ਸਿਹਤ ਅਤੇ ਭਲਾਈ `ਤੇ ਇਸ ਦੇ ਅਸਰਾਂ ਬਾਰੇ ਸਿੱਖਣ ਲਈ ਮੌਕੇ ਪ੍ਰਦਾਨ ਕਰਨ ਲਈ ਵਚਨਬੱਧ ਹਾਂ।
>
> **Brittany Bingham**
>
> ਡਾਇਰੈਕਟਰ ਆਫ ਰਿਸਰਚ, ਵੈਨਕੂਵਰ ਕੋਸਟਲ ਹੈਲਥ

# ਤੁਹਾਡੀ ਆਵਾਜ਼ ਦਾ ਮਹੱਤਵ ਹੈ: ਹੈਲਥ ਕੇਅਰ ਵਿਚ ਹਿੱਸਾ ਲੈਣ ਦੇ ਮੌਕੇ

ਵੀ ਸੀ ਐੱਚ ਵਿਖੇ, ਮਰੀਜ਼ਾਂ ਅਤੇ ਲੋਕਾਂ ਦੀ ਸ਼ਮੂਲੀਅਤ, ਹੈਲਥ ਕੇਅਰ ਸਿਸਟਮ ਨੂੰ ਪਹੁੰਚਯੋਗ ਅਤੇ ਨਿਰਪੱਖ ਬਣਾਉਣ ਦਾ ਮਹੱਤਵਪੂਰਨ ਹਿੱਸਾ ਹੈ। ਵੀ ਸੀ ਐੱਚ ਦੀ ਕਮਿਊਨਟੀ ਇਨਗੇਜਮੈਂਟ ਟੀਮ, ਵੀ ਸੀ ਐੱਚ ਅਤੇ ਸਾਡੀਆਂ ਕਮਿਊਨਟੀਆਂ ਵਿਚਕਾਰ ਗੱਲਬਾਤ ਕਰਵਾਉਂਦੀ ਹੈ ਸਾਡੇ ਸਿਹਤ ਇਲਾਕੇ ਅਤੇ ਸੰਭਾਲ ਦੇ ਸਾਰੇ ਖੇਤਰਾਂ ਵਿਚ ਕੰਮ ਕਰਦੀ ਹੈ।

ਕਮਿਊਨਟੀ ਦੀ ਰਾਇ ਨਾਲ ਤਕੜਾ ਕੋਨੈਕਸ਼ਨ ਹੈਲਥ ਕੇਅਰ ਦੇ ਸਾਡੇ ਪ੍ਰੋਗਰਾਮਾਂ, ਪ੍ਰੋਜੈਕਟਾਂ ਅਤੇ ਮਦਦਾਂ ਨੂੰ ਸੁਧਾਰਨ ਵਿਚ ਮਦਦ ਕਰਦਾ ਹੈ, ਅਤੇ ਸਥਾਨਕ ਭਾਈਚਾਰਿਆਂ ਦੀਆਂ ਵਿਲੱਖਣ ਲੋੜਾਂ ਦਾ ਅਕਸ ਦਿਖਾਉਂਦਾ ਹੈ।



ਸਾਲ 2022 ਵਿਚ, ਅਸੀਂ ਵੱਖ ਵੱਖ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਭਾਈਚਾਰਿਆਂ ਨਾਲ ਸਲਾਹ-ਮਸ਼ਵਰਾ ਕੀਤਾ ਜਿਨ੍ਹਾਂ ਵਿਚ ਇਹ ਸ਼ਾਮਲ ਸਨ:

1. **ਟੈਰੀਟਰੀ ਮੈਂਟਲ ਹੈਲਥ ਐਂਡ ਸਬਸਟੈਂਸ ਯੂਜ਼ ਪ੍ਰੋਗਰਾਮ ਦੇ ਆਦੇਸ਼ ਦੀ ਪੜਚੋਲ ਕਰਨ ਲਈ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਜੁੜਨਾ।**
2. **ਨਵੇਂ, ਸਭਿਆਚਾਰਕ ਤੌਰ `ਤੇ ਢੁਕਵੇਂ ਨਾਂ ਦੀ ਪਛਾਣ ਕਰਨ ਲਈ George Pearson ਸੈਂਟਰ ਦੇ ਵਸਨੀਕਾਂ ਅਤੇ ਕਮਿਊਨਟੀ ਵਿਚਲੇ ਹਿੱਸੇਦਾਰਾਂ ਨਾਲ ਸਹਿਯੋਗ ਕਰਨਾ।**
3. **ਰਿਚਮੰਡ ਹਸਪਤਾਲ ਅਤੇ ਲਾਇਨਜ਼ ਗੇਟ ਹਸਪਤਾਲ (Lions Gate Hospital) ਵਿਖੇ ਦੁਬਾਰਾ ਡਿਵੈਲਪਮੈਂਟ ਦੇ ਪ੍ਰੋਜੈਕਟਾਂ ਬਾਰੇ ਰਾਇ ਲੈਣ ਲਈ ਮਰੀਜ਼ਾਂ ਦੇ ਸਲਾਹਕਾਰਾਂ ਨੂੰ ਸੱਦਾ ਦੇਣਾ।**
4. **ਸਾਡੇ ਵੈੱਬਸਾਈਟ, vch.ca ਦੇ ਦੁਬਾਰਾ ਡਿਜ਼ਾਇਨ `ਤੇ ਰਾਇ ਦੇਣਾ ਜਿਸ ਦਾ ਨਤੀਜਾ ਜ਼ਿਆਦਾ ਪਹੁੰਚਯੋਗਤਾ, ਆਦਿਵਾਸੀ ਲੋਕਾਂ ਦੀ ਨੁਮਾਇੰਦਗੀ ਵਿਚ ਨਿਕਲਿਆ ਹੈ ਅਤੇ ਇਸ ਦੇ ਨਾਲ ਨਾਲ ਸਾਮੱਗਰੀ ਲੱਭਣਾ ਅਤੇ ਇਸ ਨੂੰ ਸਮਝਣਾ ਸੌਖਾ ਬਣਿਆ ਹੈ।**
5. **ਆਰਟ ਦੇ ਕਈ ਪ੍ਰੋਜੈਕਟਾਂ ਬਾਰੇ ਰਾਇ ਲੈਣ ਲਈ ਆਦਿਵਾਸੀ ਭਾਈਚਾਰਿਆਂ ਨਾਲ ਕੰਮ ਕਰਨਾ ਜਿਹੜਾ ਆਦਿਵਾਸੀ ਆਰਟ ਅਤੇ ਸਭਿਆਚਾਰ ਨੂੰ ਸਾਡੇ ਸੰਭਾਲ ਕਰਨ ਵਾਲੇ ਸਥਾਨਾਂ ਵਿਚ ਦਿਖਾਉਣ ਵਿਚ ਮਦਦ ਕਰਦਾ ਹੈ।**

ਵੀ ਸੀ ਐੱਚ ਨੂੰ **ਸ਼ਮੂਲੀਅਤ ਬਾਰੇ ਜਾਣਕਾਰੀ ਦੇਣ ਵਾਲੇ ਅਨੁਵਾਦ ਅਤੇ ਵਿਆਖਿਆ ਕਰਨ ਦੀਆਂ ਸੇਵਾਵਾਂ** **(engagements informing translation and interpretation services)** ਲਈ ਦੋ ਅੰਤਰਰਾਸ਼ਟਰੀ ਪੁਰਸਕਾਰ ਮਿਲੇ ਹਨ। ਇਸ ਕੰਮ ਨੇ ਅੰਗਰੇਜ਼ੀ ਦੇ ਸੀਮਤ ਗਿਆਨ ਵਾਲੇ ਵੀ ਸੀ ਐੱਚ ਦੇ ਭਾਈਚਾਰਿਆਂ ਨੂੰ ਸਿਹਤ ਬਾਰੇ ਜਾਣਕਾਰੀ ਦੇਣ ਲਈ ਵੀ ਸੀ ਐੱਚ ਵਿਖੇ ਅਨੁਵਾਦ ਦੇ ਅਮਲਾਂ ਦਾ ਮਿਆਰੀਕਰਨ ਕੀਤਾ ਹੈ। ਇਸ ਬਾਰੇ ਹੋਰ ਜਾਣਕਾਰੀ ਲਈ, **ਬੋਲੀ ਦੀਆਂ ਸੇਵਾਵਾਂ ਮਰੀਜ਼ਾਂ ਲਈ ਰੁਕਾਵਟਾਂ ਘਟਾਉਂਦੀਆਂ ਹਨ** **(Language services reduce barriers for patients)** ਪੜ੍ਹੋ।

ਕੁੱਲ ਰੂਪ ਵਿਚ, ਕਮਿਊਨਟੀ ਦੇ ਮੈਂਬਰਾਂ ਨੇ ਹੈਲਥ ਕੇਅਰ ਦੇ 45 ਪ੍ਰੋਜੈਕਟਾਂ ਵਿਚ ਮਦਦ ਕੀਤੀ ਅਤੇ ਡਿਜੀਟਲ ਸਰਵਿਆਂ, ਇੰਟਰਵਿਊਆਂ, ਫੋਕਸ ਗਰੁੱਪਾਂ ਅਤੇ ਸਲਾਹਕਾਰੀ ਭਰਤੀਆਂ ਰਾਹੀਂ ਸਾਨੂੰ 2,000 ਨਾਲੋਂ ਜ਼ਿਆਦਾ ਵਿਅਕਤੀਆਂ ਦੀ ਰਾਇ ਮਿਲੀ।

ਹਿੱਸਾ ਲੈਣ ਵਿਚ ਦਿਲਚਸਪੀ ਰੱਖਦੇ ਹੋ? ਕਮਿਊਨਟੀ ਲਈ ਸ਼ਮੂਲੀਅਤ ਦੇ ਮੌਕਿਆਂ ਬਾਰੇ ਜ਼ਿਆਦਾ **engage.vch.ca** `ਤੇ ਜਾਣੋ।

# ਸਿਹਤਮੰਦ ਵਾਤਾਵਰਣ ਅਤੇ ਜਲਵਾਯੂ ਵਿਚ ਤਬਦੀਲੀ

ਚੰਗੀ ਸਿਹਤ, ਹੈਲਥ ਕੇਅਰ ਨਾਲੋਂ ਕਿਤੇ ਜ਼ਿਆਦਾ ਗੱਲਾਂ ਉੱਪਰ ਨਿਰਭਰ ਕਰਦੀ ਹੈ। ਹੈਲਥ ਕੇਅਰ ਤੋਂ ਅਗਾਂਹ ਦੇ ਵਾਤਾਵਰਣਕ ਅਤੇ ਸਮਾਜਿਕ ਪੱਖ ਅਤੇ ਬਾਇਓਲੋਜੀ ਸਾਡੀ ਸਿਹਤ ਅਤੇ ਬਿਹਤਰੀ ਉੱਪਰ ਬਹੁਤ ਅਸਰ ਪਾਉਂਦੇ ਹਨ। ਵੀ ਸੀ ਐੱਚ ਪਬਲਿਕ ਹੈਲਥ, ਉਸ ਹੱਦ ਤੱਕ ਘਟਾ ਕੇ ਬੀਮਾਰੀ ਨੂੰ ਰੋਕਣ ਲਈ ਕੰਮ ਕਰਦੀ ਹੈ, ਜਿਸ ਤੱਕ ਇਹ ਪੱਖ – ਜਿਨ੍ਹਾਂ ਨੂੰ ਸਿਹਤ ਦਾ ਫੈਸਲਾ ਕਰਨ ਵਾਲਿਆਂ ਵਜੋਂ ਜਾਣਿਆਂ ਜਾਂਦਾ ਹੈ – ਸਾਡੇ ਭਾਈਚਾਰਿਆਂ ਦੀ ਸਿਹਤ ਉੱਪਰ ਅਸਰ ਪਾਉਂਦੇ ਹਨ।

ਸਾਲ 2022 ਵਿਚ, ਸਿਹਤ ਦੇ ਖਾਸ ਤੌਰ `ਤੇ ਸਰੀਰਕ ਅਤੇ ਵਾਤਾਵਰਣ ਨਾਲ ਸੰਬੰਧਿਤ ਕਾਰਨਾਂ ਉੱਪਰ ਧਿਆਨ ਕੇਂਦਰਿਤ ਕਰਨ ਲਈ ਇਕ ਨਵੀਂ ਪਬਲਿਕ ਹੈਲਥ ਟੀਮ ਬਣਾਈ ਗਈ ਸੀ। ਸਾਡੀ ਹੈਲਥੀ ਇਨਵਾਇਰਨਮੈਂਟਸ ਐਂਡ ਕਲਾਈਮੇਟ ਚੇਂਜ (ਐੱਚ ਈ ਸੀ ਸੀ) (Healthy Environments and Climate Change (HECC)) ਟੀਮ, ਖੋਜ, ਪੌਲਸੀ ਬਾਰੇ ਰਾਇ ਅਤੇ ਰਿਵਿਊ ਅਤੇ ਸਿਖਿਆ ਰਾਹੀਂ ਜਲਵਾਯੂ ਵਿਚ ਤਬਦੀਲੀ, ਸ਼ੋਰ ਅਤੇ ਹਵਾ ਦੇ ਪ੍ਰਦੂਸ਼ਣ, ਕਮਿਊਨਟੀ ਡਿਜ਼ਾਇਨ ਅਤੇ ਹੋਰ ਪੱਖਾਂ ਨਾਲ ਜੁੜੇ ਸਿਹਤ ਨਤੀਜਿਆਂ ਨੂੰ ਸੁਧਾਰਨ ਲਈ ਕੰਮ ਕਰਦੀ ਹੈ।

ਇਕ ਮੈਂਟਲ ਹੈਲਥ ਅਫਸਰ, ਕਲਾਈਮੇਟ ਚੇਂਜ ਐਂਡ ਹੈਲਥ ਲੀਡ, ਵਾਤਾਵਰਣ ਸਿਹਤ ਦੇ ਸਾਇੰਸਦਾਨਾਂ, ਪਲੈਨਰਾਂ, ਇਨਵਾਰਨਮੈਂਟਲ ਹੈਲਥ ਅਫਸਰਾਂ ਅਤੇ ਹੋਰਨਾਂ ਤੋਂ ਬਣੀ ਇਹ ਟੀਮ, ਸਿਹਤ ਅਤੇ ਨਿਰਪੱਖਤਾ ਦੇ ਵਾਤਾਵਰਣ ਨਾਲ ਸੰਬੰਧਿਤ ਕਾਰਨਾਂ ਦੇ ਲੈਂਜ਼ਿਜ਼ ਨੂੰ ਸ਼ਾਮਲ ਕਰਦੇ ਹੋਏ ਪਲੈਨਾਂ, ਪ੍ਰੋਜੈਕਟਾਂ ਅਤੇ ਪੌਲਸੀ ਤਜਵੀਜ਼ਾਂ ਬਾਰੇ ਇਲਾਕਾਈ, ਮਿਊਨਿਸਪਲ ਅਤੇ ਗੈਰ-ਸਰਕਾਰੀ ਹਿੱਸੇਦਾਰਾਂ ਨਾਲ ਨੇੜਿਉਂ ਕੰਮ ਕਰਦੀ ਹੈ।

ਇਕ ਵੱਡਾ ਧਿਆਨ ਹੈਲਥਅਡਾਪਟ ਪ੍ਰੋਜੈਕਟ (HealthADAPT project) ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਵਿਚ ਮਦਦ ਕਰਨ `ਤੇ ਹੈ, ਜੋ ਕਿ ਹੈਲਥ ਕੈਨੇਡਾ ਵਲੋਂ ਫੰਡ ਕੀਤਾ ਗਿਆ ਇਕ ਤਿੰਨ-ਸਾਲਾ ਪ੍ਰੋਜੈਕਟ ਹੈ ਜਿਹੜਾ ਸਾਡੇ ਇਲਾਕੇ ਵਿਚ ਸਿਹਤ `ਤੇ ਕੇਂਦਰਿਤ ਜਲਵਾਯੂ ਵਿਚ ਤਬਦੀਲੀ ਦੇ ਅਨੁਕੂਲ ਹੋਣ ਨੂੰ ਨਿਸ਼ਾਨਾ ਬਣਾਉਂਦਾ ਹੈ।

## ਸਾਲ 2022 ਵਿਚ, ਐੱਚ ਈ ਸੀ ਸੀ ਟੀਮ ਨੇ:



ਅੱਤ ਦੀ ਗਰਮੀ ਦੌਰਾਨ ਅੰਦਰਲੇ ਤਾਪਮਾਨਾਂ ਦਾ ਸਰਵੇ ਕਰਨ ਲਈ ਵੈਨਕੂਵਰ ਸਿਟੀ ਅਤੇ ਬੀ ਸੀ ਸੈਂਟਰ ਫਾਰ ਡਿਜ਼ੀਜ਼ ਕੰਟਰੋਲ (ਬੀ ਸੀ ਸੀ ਡੀ ਸੀ) (BCCDC) ਨਾਲ ਸਹਿਯੋਗ ਕੀਤਾ।



ਨਵੀਂਆਂ ਦਰਮਿਆਨੀਆਂ ਤੋਂ ਵੱਡੀਆਂ ਰਿਹਾਇਸ਼ੀ ਬਿਲਡਿੰਗਾਂ ਲਈ ਏਅਰ ਕੰਡੀਸ਼ਨਿੰਗ, ਏਅਰ ਫਿਲਟਰੇਸ਼ਨ ਅਤੇ ਕਾਰਬਨ ਦੇ ਘੱਟ ਪ੍ਰਦੂਸ਼ਣਾਂ ਲਈ ਨਵੀਂਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਲਈ ਵੈਨਕੂਵਰ ਸਿਟੀ ਨਾਲ ਕੰਮ ਕੀਤਾ।



ਜ਼ਿਆਦਾ ਗਰਮੀ ਦੀ ਮਾਰ ਹੇਠ ਆਉਣ ਵਾਲੇ ਲੋਕਾਂ ਲਈ ਚੈੱਕ ਇਨ ਪਲੈਨਿੰਗ ਨੂੰ ਸੇਧ ਦੇਣ ਲਈ **ਐੱਨ ਜੀ ਓਜ਼ ਵਾਸਤੇ ਇਕ ਹੀਟ ਚੈੱਕ-ਇਨ ਸੁਪੋਰਟ ਫਰੇਮਵਰਕ (Heat Check-in Support Framework for NGOs)** ਤਿਆਰ ਕੀਤਾ।



ਭਵਿੱਖ ਵਿਚ ਗਰਮੀ, ਧੂੰਏਂ ਅਤੇ ਮੌਸਮੀ ਘਟਨਾਵਾਂ ਲਈ ਮੌਸਮੀ ਤਿਆਰੀ ਦੀ ਪਲੈਨਿੰਗ ਵਿਚ ਵੀ ਸੀ ਐੱਚ ਦੀ ਮਦਦ ਕੀਤੀ।



ਆਪਣੇ ਇਲਾਕੇ ਭਰ ਵਿਚ ਹਵਾ ਦੀ ਕੁਆਲਟੀ `ਤੇ ਨਿਗਰਾਨੀ ਰੱਖਣ ਦੇ ਪ੍ਰੋਜੈਕਟਾਂ ਦੀ ਅਗਵਾਈ ਕੀਤੀ ਜਾਂ ਸਹਿਯੋਗ ਕੀਤਾ।

### ਇਨ੍ਹਾਂ ਲਈ ਯੋਗਦਾਨ ਪਾਇਆ:

- ਟ੍ਰਾਂਸਲਿੰਕ (TransLink) ਦੀ ਟ੍ਰਾਂਸਪੋਰਟ 2050 ਰੀਜਨਲ ਟ੍ਰਾਂਸਪੋਰਟੇਸ਼ਨ ਪਲੈਨ
- ਮੈਟਰੋ ਵੈਨਕੂਵਰ ਦੀ ਰੀਜਨਲ ਗਰੋਥ ਸਟਰੈਟਜੀ (2050)
- ਮੈਟਰੋ ਵੈਨਕੂਵਰ ਦੀ ਕਲੀਨ ਏਅਰ ਪਲੈਨ
- ਮੈਟਰੋ ਵੈਨਕੂਵਰ ਦਾ ਜਲਵਾਯੂ 2050

### ਇਨ੍ਹਾਂ ਨੂੰ ਰਾਇ ਦਿੱਤੀ:

- ਵੈਨਕੂਵਰ ਸਿਟੀ ਦੀ ਕਲਾਈਮੇਟ ਐਮਰਜੰਸੀ ਐਕਸ਼ਨ ਪਲੈਨ
- ਵੈਨਕੂਵਰ ਸਿਟੀ ਦਾ ਕਲਾਈਮੇਟ ਐਮਰਜੰਸੀ ਪਾਰਕਿੰਗ ਪ੍ਰੋਗਰਾਮ
- ਮੈਟਰੋ ਵੈਨਕੂਵਰ ਨੌਨ-ਰੋਡ ਡੀਜ਼ਲ ਇੰਜਨ ਇਮਿਸ਼ਨ ਰੈਗੂਲੇਸ਼ਨ ਦਾ ਤਜਵੀਜ਼ਸ਼ੁਦਾ ਵਾਧਾ

### ਇਨ੍ਹਾਂ ਨੂੰ ਫੀਡਬੈਕ ਦਿੱਤੀ:

- ਸੂਬੇ ਦੀ ਜਲਵਾਯੂ ਲਈ ਤਿਆਰੀ ਅਤੇ ਅਨੁਕੂਲ ਹੋਣ ਦੀ ਜੁਗਤ
- ਨੌਰਥਵੈੱਸਟ ਪੋਰਟਸ ਦੀ ਸਾਫ ਹਵਾ ਦੀ ਜੁਗਤ



# ਬਿਹਤਰ ਨਤੀਜਿਆਂ ਲਈ ਵਾਹ ਲਾਉਣਾ

**ਅਸੀਂ ਬਿਹਤਰ ਨਤੀਜੇ ਪ੍ਰਾਪਤ ਕਰਨ ਵਿਚ ਯਕੀਨ ਰੱਖਦੇ ਹਾਂ ਹੈਲਥ ਕੇਅਰ ਦੇ ਸਾਰੇ ਕਾਰਜ ਬਿਹਤਰ ਮਰੀਜ਼ ਲਈ ਅਗਵਾਈ ਕਰਦੇ ਹਨ ਨਤੀਜੇ ਅਤੇ ਹੈਲਥ ਕੇਅਰ ਵਿਚ ਸੁਧਾਰ ਕਰਨਾ**

ਬਿਹਤਰ ਨਤੀਜਿਆਂ ਲਈ ਵਾਹ ਲਾਉਣਾ

# ਵੀ ਸੀ ਐੱਚ ਨੂੰ ਵਾਤਾਵਰਣ ਦੇ ਤੌਰ `ਤੇ ਕਾਇਮ ਰੱਖਣ ਯੋਗ ਅਤੇ ਜਲਵਾਯੂ ਲਈ ਲਚਕੀਲਾ ਬਣਾਉਣਾ

ਕੀ ਤੁਹਾਨੂੰ ਪਤਾ ਹੈ ਕਿ ਹੈਲਥ ਕੇਅਰ ਸਿਸਟਮ ਜਲਵਾਯੂ ਵਿਚ ਤਬਦੀਲੀ ਵਿਚ ਮਹੱਤਵਪੂਰਨ ਹਿੱਸਾ ਪਾਉਂਦਾ ਹੈ?ਸੰਭਾਲ ਕਰਨ ਦੀਆਂ ਸਾਡੀਆਂ ਪੰਜ ਸਰਗਰਮੀਆਂ, ਕੈਨੇਡਾ ਵਿਚ ਗਰੀਨਹਾਊਸ ਗੈਸ ਦੇ ਧੂੰਏਂ ਦੀ ਪੰਜ ਪ੍ਰਤੀਸ਼ਤ ਲਈ ਜ਼ਿੰਮੇਵਾਰ ਹਨ।

> ਜੇ ਅਸੀਂ ਹੈਲਥ ਕੇਅਰ ਨੂੰ ਡੀਕਾਰਬੋਨਾਈਜ਼ ਕਰਨਾ ਹੋਵੇ ਤਾਂ ਇਹ ਅਸਲ ਵਿਚ ਹਵਾਈ ਸਫ਼ਰ ਨੂੰ ਖਤਮ ਕਰਨ ਦੇ ਬਰਾਬਰ ਹੋਵੇਗਾ
>
> **ਡਾਕਟਰ Andrea MacNeill**
>
> ਵੀ ਸੀ ਐੱਚ ਦੇ ਰੀਜਨਲ ਮੈਡੀਕਲ ਡਾਇਰੈਕਟਰ ਔਫ ਪਲੈਨਿਟਰੀ ਹੈਲਥ

ਵੀ ਸੀ ਐੱਚ, ਸਾਡੇ ਕੰਮ ਦੇ ਵਾਤਾਵਰਣ ਉੱਪਰ ਪੈਣ ਵਾਲੇ ਅਸਰ ਨੂੰ ਘੱਟ ਕਰਨ ਵਿਚ ਲੀਡਰਸ਼ਿਪ ਦੀ ਭੂਮਿਕਾ ਨਿਭਾਉਣ ਦੇ ਮੌਕੇ ਵੱਲ ਝੁਕ ਰਹੀ ਹੈ ਅਤੇ ਅਜਿਹਾ ਕੰਮ `ਤੇ ਆਉਣ ਲਈ ਪਬਲਿਕ ਟ੍ਰਾਂਜ਼ਿਟ ਜਾਂ ਸਾਈਕਲ ਦੀ ਵਰਤੋਂ ਵਰਗੇ ਨਿੱਜੀ ਐਕਸ਼ਨਾਂ ਤੋਂ ਲੈ ਕੇ ਸੰਸਥਾ ਵਿਚਲੀਆਂ ਚੋਣਾਂ ਨਾਲ ਕੀਤਾ ਜਾ ਰਿਹਾ ਹੈ ਜਿਵੇਂ ਕਿ ਵੀ ਸੀ ਐੱਚ ਦੇ ਸਥਾਨਾਂ ਵਿਚ ਐਨਰਜੀ ਦੀ ਵਰਤੋਂ ਅਤੇ ਗਰੀਨਹਾਊਸ ਗੈਸ ਦੇ ਪ੍ਰਦੂਸ਼ਣ ਨੂੰ ਘਟਾਉਣਾ, ਅਤੇ ਆਪਣੀ ਸਪਲਾਈ ਚੇਨ ਵਿਚ ਦੁਬਾਰਾ ਵਰਤੀਆਂ ਜਾ ਸਕਣ ਵਾਲੀਆਂ ਜ਼ਿਆਦਾ ਵਸਤਾਂ ਲਿਆਉਣਾ।

ਸਾਡੇ ਗ੍ਰਹਿ ਦੀ ਸਿਹਤ ਲਈ ਜਵਾਬ ਦੇ ਦੋ ਮੁੱਖ ਟੀਚੇ ਹਨ: ਵਾਤਾਵਰਣ ਦੀ ਕਾਇਮ ਰਹਿਣ ਯੋਗਤਾ ਅਤੇ ਜਲਵਾਯੂ ਪ੍ਰਤੀ ਲਚਕੀਲਾਪਣ। ਇਹ ਟੀਚੇ ਪੂਰੇ ਕਰਨ ਲਈ ਕੀਤਾ ਜਾਣ ਵਾਲਾ ਕੰਮ, ਸਾਡੀਆਂ ਸੇਵਾਵਾਂ ਵਾਲੇ ਭਾਈਚਾਰਿਆਂ ਦੀ ਸਿਹਤ ਅਤੇ ਤੰਦਰੁਸਤੀ ਵਿਚ ਸੁਧਾਰ ਕਰੇਗਾ ਅਤੇ ਸਮੁੱਚੇ ਤੌਰ `ਤੇ ਵਾਤਾਵਰਣ ਲਈ ਬਿਹਤਰ ਹੋਵੇਗਾ।

**ਇੱਥੇ ਪਹੁੰਚਣ ਲਈ ਅਸੀਂ ਇਹ ਕਰ ਰਹੇ ਹਾਂ।**


# ਮਰੀਜ਼ਾਂ ਦੀ ਬਿਹਤਰ ਸੰਭਾਲ ਅਤੇ ਗ੍ਰਹਿ ਦੀ ਸਿਹਤ ਲਈ ਖਾਣਿਆਂ ਦੇ ਸਿਸਟਮਾਂ ਨੂੰ ਤਬਦੀਲ ਕਰਨਾ

ਕੈਨੇਡਾ ਵਿਚ, ਖਾਣਿਆਂ ਨਾਲ ਸੰਬੰਧਿਤ ਪ੍ਰਦੂਸ਼ਣ, ਹੈਲਥ ਕੇਅਰ ਪ੍ਰਦੂਸ਼ਣ ਦਾ ਤਕਰੀਬਨ ਦਸ ਪ੍ਰਤੀਸ਼ਤ ਹੈ, ਅਤੇ ਹਸਪਤਾਲ ਵਿਚਲੇ ਮਰੀਜ਼ਾਂ ਨੂੰ ਵਰਤਾਇਆ ਜਾਣਾ ਵਾਲਾ ਤਕਰੀਬਨ 50 ਪ੍ਰਤੀਸ਼ਤ ਖਾਣਾ ਸੁੱਟ ਦਿੱਤਾ ਜਾਂਦਾ ਹੈ।

ਮਰੀਜ਼ਾਂ ਦੀ ਬਿਹਤਰ ਸੰਭਾਲ ਅਤੇ ਗ੍ਰਹਿ ਦੀ ਸਿਹਤ ਲਈ ਖਾਣਿਆਂ ਦੇ ਸਿਸਟਮਾਂ ਨੂੰ ਤਬਦੀਲ ਕਰਨਾ ਸ਼ੁਰੂ ਕਰਨ ਲਈ, ਵੀ ਸੀ ਐੱਚ ਮਰੀਜ਼ਾਂ ਦੀ ਸੰਤੁਸ਼ਟੀ, ਖੁਰਾਕੀ ਤੱਤਾਂ ਦੇ ਦਰਜੇ ਅਤੇ ਕਲਿਨੀਕਲ ਨਤੀਜਿਆਂ ਦੇ ਨਾਲ ਨਾਲ ਖਾਣਿਆਂ ਨਾਲ ਸੰਬੰਧਿਤ ਪ੍ਰਦੂਸ਼ਣ ਅਤੇ ਗਾਰਬੇਜ ਦਾ ਅਧਿਐਨ ਕਰ ਰਹੀ ਹੈ ਅਤੇ ਖਾਣੇ ਨੂੰ ਇਲਾਜ ਲਈ ਦਖਲਅੰਦਾਜ਼ੀ ਵਜੋਂ ਵਰਤ ਰਹੀ ਹੈ।

ਮਰੀਜ਼ਾਂ ਦੇ ਬੈੱਡ ਨੇੜਲਾ ਤਕਰੀਬਨ ਅੱਧਾ ਖਾਣਾ ਸੁੱਟ ਦਿੱਤਾ ਜਾਂਦਾ ਹੈ, ਜਿਹੜਾ ਲੈਂਡਫਿਲਜ਼ ਭਰਦਾ ਹੈ ਅਤੇ ਡਾਲਰਾਂ ਦੀ ਬਰਬਾਦੀ ਕਰਦਾ ਹੈ। ਡਾਕਟਰ Eileen Wong ਇਸ ਨੂੰ ਲੌਂਗ-ਟਰਮ ਕੇਅਰ ਦੇ ਵਸਨੀਕਾਂ ਦੇ ਦ੍ਰਿਸ਼ਟੀਕੋਣ ਤੋਂ ਦੇਖਣਾ ਚਾਹੁੰਦੀ ਹੈ। Eileen ਨੇ ਇਹ ਪਤਾ ਲਾਇਆ ਕਿ ਖਾਣੇ ਦੀ ਬਹੁਤੀ ਰਹਿੰਦ-ਖੂੰਹਦ ਇਸ ਕਰਕੇ ਸੀ ਕਿਉਂਕਿ ਵਸਨੀਕਾਂ ਨੂੰ ਖਾਣੇ ਦਾ ਸੁਆਦ, ਤਾਪਮਾਨ ਜਾਂ ਬਣਤਰ ਆਕਰਸ਼ਕ ਨਹੀਂ ਲੱਗੇ ਸਨ। ਖਾਣੇ ਬਹੁਤ ਨੇੜੇ ਨੇੜੇ ਵੀ ਵਰਤਾਏ ਗਏ ਸਨ, ਇਸ ਕਰਕੇ ਵਸਨੀਕ ਆਪਣੇ ਅਗਲੇ ਖਾਣੇ ਤੱਕ ਬਹੁਤੇ ਭੁੱਖੇ ਨਹੀਂ ਸਨ। ਇਨ੍ਹਾਂ ਮਸਲਿਆਂ ਦਾ ਰਲ ਕੇ ਹੱਲ ਕਰਨ ਲਈ, Eileen ਅਤੇ ਉਸ ਦੀ ਟੀਮ ਨੇ ਕੁਝ ਸੌਖੀਆਂ ਤਬਦੀਲੀਆਂ ਕੀਤੀਆਂ, ਜਿਵੇਂ ਕਿ ਲੋੜੀਂਦੀਆਂ ਕੈਲਰੀਆਂ ਨੂੰ ਕਾਇਮ ਰੱਖਦੇ ਹੋਏ ਖਾਣੇ ਦਾ ਆਕਾਰ ਘਟਾਉਣਾ। ਹਿੱਸਾ ਲੈਣ ਵਾਲੇ ਵਸਨੀਕਾਂ ਦੇ ਖਾਣੇ ਦੀ ਰਹਿੰਦ-ਖੂੰਹਦ ਅੱਧ ਤੱਕ ਘਟ ਗਈ।

ਖਾਣਾ ਦਵਾਈ ਵਜੋਂ ਦਾ ਖਿਆਲ ਇਸ ਸਮਝ ਤੋਂ ਆਉਂਦਾ ਹੈ ਕਿ ਚੰਗੀ ਖੁਰਾਕ ਸਾਡੀ ਸਮੁੱਚੀ ਸਿਹਤ ਦੀ ਰੱਖਿਆ ਕਰ ਸਕਦੀ ਹੈ। ਡਾਕਟਰ Annie Lalande ਯੂ ਬੀ ਸੀ ਜਨਰਲ ਸਰਜਰੀ ਦੀ ਇਕ ਚੌਥੇ ਸਾਲ ਵਿਚਲੀ ਰੈਜ਼ੀਡੈਂਟ, ਉਨ੍ਹਾਂ ਤਰੀਕਿਆਂ ਦਾ ਅਧਿਐਨ ਕਰਨ ਲਈ ਵੈਨਕੂਵਰ ਜਨਰਲ ਹਸਪਤਾਲ ਦੀ ਇਕ ਟੀਮ ਨਾਲ ਕੰਮ ਕਰ ਰਹੀ ਹੈ ਜਿਨ੍ਹਾਂ ਨਾਲ ਖਾਣੇ ਨੂੰ ਇਲਾਜ ਵਜੋਂ ਦਖਲਅੰਦਾਜ਼ੀ ਲਈ ਵਰਤਿਆ ਜਾ ਸਕਦਾ ਹੋਵੇ। ਟੀਮ ਮਰੀਜ਼ਾਂ ਨੂੰ ਤਾਕਤ ਦੇਣ ਵਾਲੇ ਅਤੇ ਆਨੰਦਮਈ ਭੋਜਨ ਦੇਣ ਲਈ ਨਵੇਂ ਮੀਨੂਜ਼ ਤਿਆਰ ਕਰਨ `ਤੇ  ਅਤੇ ਇਨ੍ਹਾਂ ਸਬਕਾਂ ਨੂੰ ਹੈਲਥ ਕੇਅਰ ਦੇ ਹੋਰ ਸਥਾਨਾਂ ਨਾਲ ਸਾਂਝਾ ਕਰਨ ਦੇ ਤਰੀਕਿਆਂ ਬਾਰੇ ਕੰਮ ਕਰ ਰਹੀ ਹੈ। ਇਸ ਅਧਿਐਨ ਦੇ ਅਗਲੇ ਪੜਾ ਲਈ, ਵੀ ਸੀ ਐੱਚ ਹਸਪਤਾਲ ਵਿਚਲੇ ਮਰੀਜ਼ਾਂ ਲਈ ਅਜਿਹੀ ਸਿਹਤਮੰਦ ਖੁਰਾਕ ਡਿਜ਼ਾਇਨ ਕਰਨ ਲਈ Ned Bell ਨਾਲ ਸਾਂਝੀਦਾਰੀ ਕਰ ਰਿਹਾ ਹੈ, ਜੋ ਕਿ ਓਸ਼ੀਅਨ ਵਾਈਜ਼ (Ocean Wise) ਦਾ ਇਕ ਸਾਬਕਾ ਪ੍ਰਬੰਧਕੀ ਸ਼ੈਫ ਹੈ ਜਿਹੜੀ ਮਨੁੱਖਾਂ ਅਤੇ ਵਾਤਾਵਰਣ ਦੋਨਾਂ ਦੀ ਸਿਹਤ ਲਈ ਗੁਣਕਾਰੀ ਹੈ।



**ਹੈਲਥ ਕੇਅਰ ਦਾ**
**10%**
**ਪ੍ਰਦੂਸ਼ਣ ਖਾਣੇ ਨਾਲ ਸੰਬੰਧਿਤ ਹੈ**



**ਮਰੀਜ਼ਾਂ ਨੂੰ ਵਰਤਾਇਆ ਜਾਂਦਾ**
**50%**
**ਖਾਣਾ ਸੁੱਟ ਦਿੱਤਾ ਜਾਂਦਾ ਹੈ**



# ਗ੍ਰਹਿ ਦੀ ਸਿਹਤ ਦੇ ਸਿਧਾਂਤਾਂ ਨੂੰ ਰਿਚਮੰਡ ਹਸਪਤਾਲ ਦੀ ਦੁਬਾਰਾ ਡਿਵੈਲਪਮੈਂਟ ਵਿਚ ਸ਼ਾਮਲ ਕਰਨਾ

ਜਿਵੇਂ ਰਿਚਮੰਡ ਹਸਪਤਾਲ ਦੀ ਦੁਬਾਰਾ ਡਿਵੈਲਪਮੈਂਟ ਦੀ ਟੀਮ Yurkovich ਫੈਮਿਲੀ ਪੈਵਿਲੀਅਨ ਦੇ ਦੂਜੇ ਪੜਾ ਦੀ ਉਸਾਰੀ ਲਈ ਤਿਆਰੀ ਕਰਦੀ ਹੈ, ਗ੍ਰਹਿ ਦੀ ਸਿਹਤ ਦੇ ਸਿਧਾਂਤ ਉਸਾਰੀ ਦੇ ਸਾਰੇ ਪੱਖਾਂ ਵਿਚ ਸ਼ਾਮਲ ਕੀਤੇ ਜਾ ਰਹੇ ਹਨ। ਇਹ ਉਹ ਖੇਤਰ ਹਨ ਜਿਨ੍ਹਾਂ ਵਿਚ ਸਾਡੀ ਜਲਵਾਯੂ ਪ੍ਰਤੀ ਹਾਂਪੱਖੀ ਅਸਰ ਹਾਸਲ ਕਰਨ ਦੀ ਪਲੈਨ ਹੈ।

## ਕਾਇਮ ਰਹਿਣ ਯੋਗ ਅਤੇ ਜਲਵਾਯੂ ਪ੍ਰਤੀ ਲਚਕੀਲੀ ਬਿਲਡਿੰਗ

- ਲੀਡ (ਲੀਡਰਸ਼ਿਪ ਇਨ ਐਨਰਜੀ ਐਂਡ ਇਨਵਾਇਰਨਮੈਂਟਲ ਡਿਜ਼ਾਇਨ) (LEED (Leadership in Energy and Environmental Design)) ਗੋਲਡ ਸਰਟੀਫਿਕੇਸ਼ਨ ਲਈ ਨਿਸ਼ਾਨਾ
- ਭੁਚਾਲ ਤੋਂ ਸੁਰੱਖਿਅਤ ਅਤੇ ਹੜ੍ਹ ਦੀ ਲਾਈਨ ਤੋਂ ਉੱਪਰ ਉਸਾਰੀ
- ਘੱਟ ਕਾਰਬਨ ਵਾਲਾ ਡਿਜ਼ਾਇਨ (ਇਕ ਔਸਤ ਨਵੇਂ ਹਸਪਤਾਲ ਦੇ ਮੁਕਾਬਲੇ ਪ੍ਰਦੂਸ਼ਣ ਵਿਚ 87 ਪ੍ਰਤੀਸ਼ਤ ਦੀ ਕਟੌਤੀ ਨਾਲ)
- ਐਨਰਜੀ-ਕੁਸ਼ਲ ਅਤੇ ਇਲੈਕਟ੍ਰੀਫਾਈਡ ਡਿਜ਼ਾਇਨ (100 ਪ੍ਰਤੀਸ਼ਤ ਘੱਟ ਕਾਰਬਨ ਵਾਲੀ ਬਿਜਲੀ ਤੋਂ ਹੈ ਅਤੇ 100 ਪ੍ਰਤੀਸ਼ਤ ਕਾਰਬਨ ਨਿਰਲੇਪ ਹੈ)

## ਹਰਿਆਲੀ `ਤੇ ਕੇਂਦਰਿਤ ਕਲੀਨਿਕਲ ਥਾਂਵਾਂ

- ਸਿਹਤ ਦੀਆਂ ਬਿਲਟ-ਇਨ ਵਰਚੂਅਲ ਚੋਣਾਂ
- ਸਰਕੂਲਰ ਇਕੌਨਮੀ/ਮੁੜ ਵਰਤੋਂ ਯੋਗ ਪਹਿਲੇ ਸਿਧਾਂਤ

## ਸਰਗਰਮ ਅਤੇ ਸਾਫ਼ ਟ੍ਰਾਂਸਪੋਰਟੇਸ਼ਨ

- ਪਬਲਿਕ ਟ੍ਰਾਂਸਪੋਰਟੇਸ਼ਨ ਨਾਲ ਸੌਖਾ ਕੋਨੈਕਸ਼ਨ
- ਬਾਈਕ ਰੱਖਣ ਅਤੇ ਸ਼ਾਵਰ ਲੈਣ ਦੀਆਂ ਸਹੂਲਤਾਂ
- ਕਾਰ-ਸ਼ੇਅਰਿੰਗ ਪਾਰਕਿੰਗ ਅਤੇ ਇਲੈਕਟ੍ਰਿਕ ਵਹੀਕਲ ਚਾਰਜਿੰਗ ਸਟੇਸ਼ਨ (ਰਿਚਮੰਡ ਹਸਪਤਾਲ ਕੋਲ ਸਾਡੀ ਪਾਰਕੇਡ ਵਿਚ 30 ਚਾਰਜਿੰਗ ਸਟੇਸ਼ਨਾਂ ਨਾਲ ਬੀ.ਸੀ. ਵਿਚ ਸਭ ਤੋਂ ਜ਼ਿਆਦਾ ਈ ਵੀ (EV) ਚਾਰਜਿੰਗ ਸਟੇਸ਼ਨ ਹਨ)



# ਗਿਬਸਨਜ਼ ਦੀ ਨਰਸ ਵਾਤਾਵਰਣ ਲਈ ਫਿਕਰ ਦਿਖਾਉਣ ਵਾਲੀ ਸੰਭਾਲ ਦੀ ਚੈਂਪੀਅਨ ਬਣੀ

ਪਿਛਲੇ 12 ਸਾਲਾਂ ਤੋਂ, ਗਿਬਸਨਜ਼ ਹੈਲਥ ਯੂਨਿਟ (Gibsons Health Unit) ਵਿਚ ਪਬਲਿਕ ਹੈਲਥ ਨਰਸ Emily Doyle ਆਪਣੀ ਕਮਿਊਨਟੀ ਵਿਚ ਹਰ ਉਮਰ ਦੇ ਲੋਕਾਂ ਨਾਲ ਅਤੇ ਉਨ੍ਹਾਂ ਦੀ ਸਿਹਤ ਦੇ ਪਿਛੋਕੜਾਂ ਬਾਰੇ ਗੱਲ ਕਰ ਰਹੀ ਹੈ। ਮਰੀਜ਼ਾਂ ਅਤੇ ਕਲਾਇੰਟਾਂ ਨਾਲ ਆਪਣੀ ਗੱਲਬਾਤ ਵਿਚ ਉਹ ਜਲਵਾਯੂ ਵਿਚ ਤਬਦੀਲੀ ਅਤੇ ਇਸ ਦੀ ਕਾਇਮ ਰਹਿਣ ਯੋਗਤਾ ਬਾਰੇ ਅਕਸਰ ਗੱਲ ਕਰਦੀ ਰਹਿੰਦੀ ਹੈ।

ਗਰਮ ਹੋ ਰਹੇ ਜਲਵਾਯੂ, ਜ਼ਿਆਦਾ ਪ੍ਰਦੂਸ਼ਣ, ਮਹਾਂਮਾਰੀ ਅਤੇ ਅੱਤ ਦੇ ਮੌਸਮ ਦੀਆਂ ਘਟਨਾਵਾਂ ਨੂੰ ਦੇਖਣਾ, ਅਤੇ ਇਸ ਦੇ ਨਾਲ ਨਾਲ ਇਕ ਮਾਪਾ ਬਣਨਾ, Emily ਨੂੰ ਕੰਮ `ਤੇ ਤਬਦੀਲੀ ਕਰਨ ਵਾਲੀ ਬਣਨ ਲਈ ਉਤਸ਼ਾਹ ਦਿੰਦਾ ਹੈ।

ਜਲਵਾਯੂ ਵਿਚ ਤਬਦੀਲੀ ਦੇ ਮੌਸਮ ਨਾਲ ਸੰਬੰਧਿਤ ਅਸਰਾਂ ਦੇ ਅਨੁਕੂਲ ਹੋਣ ਲਈ ਪਰਿਵਾਰਾਂ ਦੀ ਹਿਮਾਇਤ ਕਰਨ ਤੋਂ ਲੈ ਕੇ ਆਪਣੇ ਦਫਤਰ ਵਿਚ ਜਲਵਾਯੂ ਦੀ ਕਾਇਮ ਰਹਿਣ ਯੋਗਤਾ ਦੇ ਅਮਲ ਲਾਗੂ ਕਰਨ ਤੱਕ, Emily ਨੇ ਕਦਮ ਚੁੱਕੇ ਹਨ ਜਿਵੇਂ ਕਿ ਪੇਪਰ `ਤੇ ਛਪਾਈ ਦੀ ਥਾਂ ਇਲੈਕਟਰੌਨਿਕ ਵਸੀਲਿਆਂ `ਤੇ ਜਾਣਾ, ਵੈਕਸੀਨ ਦੇ ਪੈਕੇਜਾਂ ਨੂੰ ਰੀਸਾਇਕਲ ਕਰਨਾ, ਕਾਰਪੂਲਿੰਗ ਨੂੰ ਉਤਸ਼ਾਹ ਦੇਣਾ, ਕੰਮ `ਤੇ ਤੁਰ ਕੇ ਜਾਂ ਸਾਈਕਲ `ਤੇ ਜਾਣਾ।

ਕਾਇਮ ਰਹਿਣ ਯੋਗਤਾ ਲਈ ਉਸ ਦਾ ਉਤਸ਼ਾਹ ਉਸ ਨੂੰ ਬੀ.ਸੀ. ਦੀ 2022 ਦੀ ਪਬਲਿਕ ਹੈਲਥ ਐਸੋਸੀਏਸ਼ਨ ਕਾਨਫਰੰਸ, "ਸਾਡਾ ਵਾਤਵਰਣ, ਸਾਡੀ ਸਿਹਤ: ਬਿਹਤਰ ਸਮਾਜ ਤਿਆਰ ਕਰਨਾ ਅਤੇ ਕੁਦਰਤ ਨਾਲ ਮਿੱਤਰਤਾ ਕਰਨਾ" ਵਿਚ ਲੈ ਕੇ ਗਿਆ।

ਕਾਨਫਰੰਸ ਦੇ ਦੌਰਾਨ, ਆਦਿਵਾਸੀ ਗਿਆਨ ਦੀ ਮਹੱਤਤਾ ਅਤੇ ਪਬਲਿਕ ਹੈਲਥ ਦੇ ਅਮਲਾਂ ਵਿਚ ਈਕੋ-ਸਮਾਜਿਕ ਪਹੁੰਚ ਨੂੰ ਸ਼ਾਮਲ ਕਰਨਾ Emily ਦੀ ਆਵਾਜ਼ ਨਾਲ ਗੂੰਜ ਉੱਠਿਆ: "ਧਰਤੀ ਨਾਲ ਕਿਵੇਂ ਰਹਿਣਾ ਹੈ, ਇਸ ਦੇ ਸੰਬੰਧ ਵਿਚ ਆਦਿਵਾਸੀ ਲੋਕਾਂ ਤੋਂ ਬਹੁਤ ਕੁਝ ਸਿੱਖਣ ਲਈ ਹੈ।"

Emily ਦੇ ਉਤਸ਼ਾਹ ਅਤੇ ਵਕਾਲਤ ਦੇ ਨਤੀਜੇ ਵਜੋਂ, ਸਨਸ਼ਾਈਨ ਕੋਸਟ ਪਬਲਿਕ ਹੈਲਥ ਨਰਸਿੰਗ ਦੀਆਂ ਮੀਟਿੰਗਾਂ ਵਿਚ ਜਲਵਾਯੂ ਵਿਚ ਤਬਦੀਲੀ ਅਤੇ ਇਸ ਦੀ ਕਾਇਮ ਰਹਿਣ ਯੋਗਤਾ ਏਜੰਡੇ ਉਪਰਲੇ ਵਿਸ਼ੇ ਹਨ ਤਾਂ ਜੋ ਗ੍ਰਹਿ ਦੀ ਸਿਹਤ ਮਨ ਵਿਚ ਉੱਪਰ ਰਹੇ ਅਤੇ ਕਾਇਮ ਰਹਿਣ ਯੋਗ ਭਵਿੱਖ ਵੱਲ ਐਕਸ਼ਨ ਲੈਣ ਵਿਚ ਫਰੰਟਲਾਈਨ ਸਟਾਫ ਦੀ ਮਦਦ ਹੋ ਸਕੇ।

ਬਿਹਤਰ ਨਤੀਜਿਆਂ ਲਈ ਵਾਹ ਲਾਉਣਾ

# ਇਲਾਜ ਨੂੰ ਘਰ ਦੇ ਨੇੜੇ ਲਿਆਉਣ ਵਿਚ ਸੁਧਾਰ ਕਰਨ ਲਈ ਆਪਣੇ ਹਸਪਤਾਲਾਂ ਦੀ ਕਾਇਆ ਕਲਪ ਕਰਨਾ

ਵੈਨਕੂਵਰ ਕੋਸਟਲ ਹੈਲਥ ਦੇ ਇਲਾਕੇ ਵਿਚ, ਅਸੀਂ ਹੈਲਥ ਕੇਅਰ ਦੇ ਆਪਣੇ ਬੁਨਿਆਦੀ ਢਾਂਚੇ ਨੂੰ ਅਪਗਰੇਡ ਕਰਨ, ਵਧਾਉਣ ਅਤੇ ਵਾਧਾ ਕਰਨ ਲਈ ਮਹੱਤਵਪੂਰਨ ਇਨਵੈਸਟਮੈਂਟਾਂ ਕਰ ਰਹੇ ਹਾਂ। ਮਰੀਜ਼ਾਂ, ਕਲਾਇੰਟਾਂ ਅਤੇ ਰੈਜ਼ੀਡੈਂਟਸ ਨੂੰ ਘਰ ਦੇ ਨੇੜੇ ਮਿਆਰੀ ਸੰਭਾਲ ਪ੍ਰਦਾਨ ਕਰਨ ਲਈ ਨਵੇਂ ਅਤੇ ਸੁਧਰੇ ਹੋਏ ਲੌਂਗ-ਟਰਮ ਕੇਅਰ ਸਥਾਨ ਬਣਾਉਣ ਲਈ ਅਤੇ ਆਪਣੇ ਹਸਪਤਾਲਾਂ ਨੂੰ ਆਧੁਨਿਕ ਬਣਾਉਣ ਵਾਸਤੇ ਡਿਵੈਲਪਮੈਂਟ ਦੇ ਵੱਖ ਵੱਖ ਪ੍ਰੋਜੈਕਟ ਚੱਲ ਰਹੇ ਹਨ।




## ਰਿਚਮੰਡ ਹਸਪਤਾਲ ਦਾ ਦੁਬਾਰਾ ਡਿਵੈਲਪਮੈਂਟ ਦਾ ਪ੍ਰੋਜੈਕਟ– Yurkovich ਫੈਮਿਲੀ ਪਾਵਿਲੀਅਨ

ਰਿਚਮੰਡ ਹਸਪਤਾਲ Yurkovich ਫੈਮਿਲੀ ਪਾਵਿਲੀਅਨ (Yurkovich Family Pavilion) ਨਾਂ ਦੇ ਇਕ ਨਵੇਂ ਪੇਸ਼ੈਂਟ ਕੇਅਰ ਟਾਵਰ ਦੇ ਵਾਧੇ ਰਾਹੀਂ ਵੱਡਾ ਹੋ ਰਿਹਾ ਹੈ। ਨਵੇਂ ਨੌਂ-ਮੰਜ਼ਲੇ ਟਾਵਰ ਵਿਚ ਇਕ ਵਧਿਆ ਹੋਇਆ ਐਮਰਜੰਸੀ ਡਿਪਾਰਟਮੈਂਟ, ਜ਼ਿਆਦਾ ਓਪਰੇਸ਼ਨ ਰੂਮ ਅਤੇ ਸਰਜਰੀ ਤੋਂ ਪਹਿਲਾਂ ਅਤੇ ਬਾਅਦ ਲਈ ਜ਼ਿਆਦਾ ਸਥਾਨ ਹੋਣਗੇ। ਟਾਵਰ ਵਿਚ ਇਕ ਇਨਟੈਨਸਿਵ ਕੇਅਰ ਯੂਨਿਟ, ਚਾਰ ਸੀ ਟੀ (CT) ਸਕੈਨਰਾਂ ਅਤੇ ਦੋ ਐੱਮ ਆਰ ਆਈਜ਼ (MRI) ਨਾਲ ਪੂਰੇ ਸਾਜ਼-ਸਾਮਾਨ ਵਾਲਾ ਮੈਡੀਕਲ ਇਮੇਜਿੰਗ ਡਿਪਾਰਟਮੈਂਟ, ਇਕ ਫਾਰਮੇਸੀ ਅਤੇ ਥੋੜ੍ਹੇ ਸਮੇਂ ਦੇ ਸਟੇਅ ਲਈ ਪੀਡੀਐਟਰਿਕਸ ਵੀ ਸ਼ਾਮਲ ਹੋਣਗੇ।

ਇਹ ਪ੍ਰੋਜੈਕਟ ਹਸਪਤਾਲ ਵਿਚ 113 ਨਵੇਂ ਬੈੱਡ ਵਧਾਏਗਾ ਜਿਸ ਨਾਲ ਮਰੀਜ਼ਾਂ ਦੇ ਇਲਾਜ ਵਾਲੇ ਬੈੱਡਾਂ ਦੀ ਕੁੱਲ ਗਿਣਤੀ 353 ਹੋ ਜਾਵੇਗੀ। ਸਾਊਥ ਟਾਵਰ ਦੀਆਂ ਰੈਨੋਵੇਸ਼ਨਾਂ ਨਵੇਂ ਇਨਪੇਸ਼ੈਂਟ ਸਾਇਕਐਟਰੀ ਅਤੇ ਸਾਇਕਐਟਰਿਕ ਐਮਰਜੰਸੀ ਯੂਨਿਟ ਬਣਾਉਣਗੀਆਂ ਅਤੇ Milan Ilich ਪਾਵਿਲੀਅਨ (Milan Ilich Pavilion) ਰੈਨੋਵੇਟ ਕੀਤਾ ਜਾਵੇਗਾ ਅਤੇ ਇਹ ਕੈਂਸਰ ਕੇਅਰ ਕਲੀਨਿਕ ਦਾ ਘਰ ਬਣੇਗਾ।



## ਲਾਇਨਜ਼ ਗੇਟ ਹਸਪਤਾਲ ਦਾ ਦੁਬਾਰਾ ਡਿਵੈਲਪਮੈਂਟ ਦਾ ਪ੍ਰੋਜੈਕਟ – Paul Myers ਟਾਵਰ

ਲਾਇਨਜ਼ ਗੇਟ ਹਸਪਤਾਲ ਵਿਖੇ Paul Myers ਟਾਵਰ (Paul Myers Tower), ਤਟਵਰਤੀ ਭਾਈਚਾਰਿਆਂ ਲਈ ਅਕਿਊਟ ਕੇਅਰ ਸੇਵਾਵਾਂ ਲਈ ਕੇਂਦਰ ਵਜੋਂ ਇਕ ਛੇ-ਮੰਜ਼ਲਾਂ ਆਧੁਨਿਕ ਫਾਸਿਲਟੀ ਹੋਵੇਗੀ। ਇਸ ਹਾਈ-ਟੈਕ ਫਾਸਿਲਟੀ ਵਿਚ ਅੱਠ ਵੱਡੇ ਰੂਮਾਂ ਅਤੇ 39 ਸਟਰੈਚਰ ਬੇਅਜ਼ ਨਾਲ ਪੈਰੀਓਪਰੇਟਿਵ ਕੇਅਰ ਯੂਨਿਟ ਹੋਵੇਗਾ ਅਤੇ ਇਕ ਮੈਡੀਕਲ ਡਿਵਾਇਸ ਰੀਪ੍ਰੋਸੈਸਿੰਗ ਡਿਪਾਰਟਮੈਂਟ ਹੋਵੇਗਾ। ਹਰ ਡਿਪਾਰਟਮੈਂਟ ਅਤੇ ਰੂਮ ਨੂੰ, ਮਰੀਜ਼ ਦੇ ਅਨੁਭਵ ਵਿਚ ਸੁਧਾਰ ਕਰਨ ਲਈ ਅਤੇ ਮਰੀਜ਼ ਅਤੇ ਸਟਾਫ ਦੀ ਸੇਫਟੀ ਵਿਚ ਮਦਦ ਕਰਨ ਲਈ ਆਧੁਨਿਕ ਸਾਜ਼-ਸਾਮਾਨ ਅਤੇ ਟੈਕਨੋਲੋਜੀ ਨਾਲ ਲੈਸ ਕੀਤਾ ਜਾਵੇਗਾ।

ਨਵਾਂ ਟਾਵਰ 108 ਇਨਪੇਸ਼ੈਂਟ ਬੈੱਡਾਂ ਦੀ ਸਮਰੱਥਾ ਵਧਾਏਗਾ ਅਤੇ ਹੋਰ ਬਾਹਰੀ ਥਾਂ ਪ੍ਰਦਾਨ ਕਰੇਗਾ ਜਿਸ ਵਿਚ ਛੱਤ ਉਪਰਲਾ ਗਾਰਡਨ ਅਤੇ ਗਰੁੱਪ ਵਿਚ ਕਸਰਤ ਕਰਨ ਵਾਲਾ ਏਰੀਆ ਰਾਜ਼ੀ ਹੋਣ ਅਤੇ ਤੰਦਰੁਸਤੀ ਨੂੰ ਉਤਸ਼ਾਹ ਦੇਵੇਗਾ। ਟੂ ਸਿਸਟਰਜ਼ ਗਾਰਡਨ (Two Sisters Garden) ਵਿਚ ਰਸਮਾਂ ਕਰਨ, ਛੋਟੇ ਇਕੱਠਾਂ ਅਤੇ ਮੈਡੀਟੇਸ਼ਨ ਲਈ ਵੀ ਖਾਸ ਥਾਂ ਹੋਵੇਗੀ।

# ਨਵਾਂ ਪ੍ਰੋਗਰਾਮ ਚੂਲ਼ੇ ਅਤੇ ਗੋਡੇ ਦੀ ਸਰਜਰੀ ਉਡੀਕ ਕਰਨ ਦਾ ਸਮਾਂ ਘਟਾਉਂਦਾ ਹੈ

ਵੀ ਸੀ ਐੱਚ ਦੇ ਰੀਜਨਲ ਸਰਜਰੀ ਪ੍ਰੋਗਰਾਮ ਵਲੋਂ ਹਿਪ ਐਂਡ ਨੀ ਏ ਐੱਸ ਏ ਪੀ (Hip and Knee ASAP) ਨਾਂ ਦੇ ਤਿਆਰ ਕੀਤੇ ਗਏ ਇਕ ਨਵੇਂ ਪ੍ਰੋਗਰਾਮ ਦਾ ਮਕਸਦ ਉਨ੍ਹਾਂ ਲਈ ਉਡੀਕ ਕਰਨ ਦੇ ਸਮੇਂ ਘਟਾਉਣਾ ਹੈ ਜਿਨ੍ਹਾਂ ਨੂੰ ਚੂਲ਼ੇ ਅਤੇ ਗੋਡੇ ਦੀ ਸਰਜਰੀ ਦੀ ਲੋੜ ਹੈ ਅਤੇ ਅਜਿਹਾ ਉਨ੍ਹਾਂ ਨੂੰ ਦੱਸ ਕੇ ਕਰਨਾ ਹੈ ਜਿਨ੍ਹਾਂ ਨੂੰ ਇਸ ਦੀ ਲੋੜ ਨਹੀਂ ਹੈ, ਜਾਂ ਜਿਹੜੇ ਤਿਆਰ ਨਹੀਂ ਹਨ, ਅਤੇ ਜਿਨ੍ਹਾਂ ਕੋਲ ਇਲਾਜ ਦੇ ਬਦਲ ਹਨ।

ਚੂਲ਼ੇ ਜਾਂ ਗੋਡੇ ਦੀ ਸਰਜਰੀ ਦੀ ਸੰਭਵ ਲੋੜ ਵਜੋਂ ਪਛਾਣਿਆ ਗਿਆ ਹਰ ਵਿਅਕਤੀ ਤਿਆਰ ਨਹੀਂ ਹੁੰਦਾ, ਜਾਂ ਉਸ ਨੂੰ ਅਸਲ ਵਿਚ ਸਰਜਰੀ ਦੀ ਲੋੜ ਨਹੀਂ ਹੁੰਦੀ ਹੈ।

**ਇਕ ਨਵਾਂ ਵਰਕਫਲੋਅ ਤਿਆਰ ਕਰਕੇ, ਜਿਹੜਾ ਅਡਵਾਂਸਡ ਪ੍ਰੈਕਟਿਸ ਫਿਜ਼ੀਓਥੈਰੇਪਿਸਟਸ (ਏ ਪੀ ਪੀ) (Advanced Practice Physiotherapists (APP)) ਦੇ ਹੁਨਰਾਂ ਅਤੇ ਤਜਰਬੇ ਦੀ ਵਰਤੋਂ ਕਰਦਾ ਹੈ, ਇਹ ਪ੍ਰੋਗਰਾਮ ਸਰਜੀਕਲ ਟ੍ਰੀਆਜ ਅਸੈੱਸਮੈਂਟ ਛੇਤੀ ਕਰਦਾ ਹੈ ਅਤੇ ਲੋੜ ਅਤੇ ਤਿਆਰ ਦੇ ਸਭ ਤੋਂ ਉੱਚੇ ਪੱਧਰਾਂ ਵਾਲੇ ਲੋਕਾਂ ਨੂੰ ਸਰਜੀਕਲ ਸਲਾਹ ਲਈ ਕਤਾਰ ਵਿਚ ਲਿਆਉਂਦਾ ਹੈ।**

ਚੂਲ਼ੇ ਅਤੇ ਗੋਡੇ ਦੇ ਗਠੀਏ ਲਈ ਇਹ ਮਾਡਲ ਬੀ.ਸੀ. ਵਿਚ ਨਵਾਂ ਹੈ ਪਰ ਓਨਟੇਰੀਓ ਅਤੇ ਯੂਨਾਈਟਡ ਕਿੰਗਡਮ ਵਿਚ ਚੰਗੀ ਤਰ੍ਹਾਂ ਸਥਾਪਤ ਹੈ।

ਸਰਜਨਾਂ ਨੇ ਸਰਜਰੀ ਦੀ ਤਿਆਰੀ ਬਾਰੇ ਫਿਜ਼ੀਓਥੈਰੇਪਿਸਟਾਂ ਨੂੰ 12 ਹਫਤਿਆਂ ਲਈ ਸਲਾਹ ਦਿੱਤੀ, ਜਿਸ ਵਿਚ ਸਰਜਰੀ ਦੇ ਤਰੀਕਿਆਂ ਨੂੰ ਬਿਹਤਰ ਸਮਝਣ ਲਈ ਓਪਰੇਟਿੰਗ ਰੂਮ ਵਿਚ ਸਮਾਂ ਵੀ ਸ਼ਾਮਲ ਹੈ। ਹੁਣ, ਕਿਸੇ ਸਰਜਨ ਕੋਲ ਜਾਣ ਲਈ ਤਿੰਨ ਤੋਂ ਲੈ ਕੇ ਅੱਠ ਮਹੀਨਿਆਂ ਦੀ ਉਡੀਕ ਕਰਨ ਦੀ ਬਜਾਏ, ਪ੍ਰੋਗਰਾਮ ਵਿਚਲੀ ਮਰੀਜ਼ ਇਕ ਮਹੀਨੇ ਦੇ ਵਿਚ ਵਿਚ ਕਿਸੇ ਏ ਪੀ ਪੀ ਕੋਲ ਜਾ ਸਕਦੇ ਹਨ। ਏ ਪੀ ਪੀ ਉਨ੍ਹਾਂ ਲਈ ਚੋਣਾਂ ਅਤੇ ਜਾਣਕਾਰੀ ਵੀ ਦਿੰਦੇ ਹਨ ਜਿਨ੍ਹਾਂ ਦੀ ਜਾਂ ਤਾਂ ਸਰਜਰੀ ਵਿਚ ਦਿਲਚਸਪੀ ਨਹੀਂ ਹੈ ਜਾਂ ਜਿਨ੍ਹਾਂ ਦੇ ਜ਼ਿਆਦਾ ਦਰਦ ਨਹੀਂ ਹੁੰਦੀ।

ਸਰਜਰੀ ਲਈ ਯੋਗ ਮਰੀਜ਼ਾਂ ਨੂੰ ਸਰਜਰੀ ਲਈ ਆਪਣੇ ਸਲਾਹ-ਮਸ਼ਵਰੇ ਤੋਂ ਪਹਿਲਾਂ ਫਾਇਦੇਮੰਦ ਜਾਣਕਾਰੀ ਮਿਲਦੀ ਹੈ, ਜੋ ਕਿ ਜ਼ਿਆਦਾ ਛੇਤੀ ਨਾਲ ਇਹ ਫੈਸਲਾ ਕਰਨ ਵਿਚ ਉਨ੍ਹਾਂ ਦੀ ਮਦਦ ਕਰਦੀ ਹੈ ਕਿ ਕੀ ਇਹ ਉਨ੍ਹਾਂ ਲਈ ਸਹੀ ਚੋਣ ਹੈ। ਨਤੀਜੇ ਵਜੋਂ, ਸਰਜਨ ਉਨ੍ਹਾਂ ਜ਼ਿਆਦਾ ਲੋਕਾਂ ਨੂੰ ਦੇਖ ਰਹੇ ਹਨ ਜਿਹੜੇ ਸਲਾਹ-ਮਸ਼ਵਰੇ ਵਿਚ ਸਿਖਿਅਤ ਮਹਿਸੂਸ ਕਰਦੇ ਹਨ, ਅਤੇ ਸਰਜਰੀ ਲਈ ਸਹਿਮਤੀ ਫਾਰਮ `ਤੇ ਦਸਖਤ ਕਰਨ ਲਈ ਕਾਫੀ ਜਾਣਕਾਰੀ ਰੱਖਦੇ ਮਹਿਸੂਸ ਕਰਦੇ ਹਨ। ਅਸੀਂ ਪਹਿਲਾਂ ਹੀ ਹਿੱਸਾ ਲੈਣ ਵਾਲਿਆਂ ਲਈ ਜ਼ਿੰਦਗੀ ਦੀ ਕੁਆਲਟੀ ਵਿਚ ਸੁਧਾਰ ਦੇਖ ਰਹੇ ਹਾਂ।

# ਉਡੀਕ ਕਰਨ ਦੇ ਸਮੇਂ ਘਟਾ ਕੇ ਜ਼ੀਰੋ ਕਰਨਾ: ਲਾਇਨਜ਼ ਗੇਟ ਹਸਪਤਾਲ ਵਿਚ ਪੁਸ਼ ਡੇਅਜ਼

ਇਹ ਚਾਰਜ ਨਰਸ Sherry Barbosa ਦਾ ਆਪਣੇ ਮੋਢੇ ਦੀ ਪੁਰਾਣੀ ਦਰਦ ਨਾਲ ਆਪਣਾ ਤਜਰਬਾ ਸੀ ਜਿਸ ਨੇ ਹੋਰ ਮਰੀਜ਼ਾਂ ਲਈ ਉਡੀਕ ਕਰਨ ਦੇ ਸਮਿਆਂ ਨੂੰ ਘੱਟ ਕਰਨ ਲਈ ਇਕ ਨਵਾਂ ਤਰੀਕਾ ਲੱਭਣ ਲਈ ਉਤਸ਼ਾਹ ਦਿੱਤਾ।

ਲਾਇਨਜ਼ ਗੇਟ ਹਸਪਤਾਲ ਦਰਦ ਨੂੰ ਕੰਟਰੋਲ ਕਰਨ ਵਾਲੇ ਇੰਜੈਕਸ਼ਨਾਂ ਲਈ ਬੇਨਤੀਆਂ ਦੇ ਬੈਕਲੌਗ ਨਾਲ ਸਿੱਝ ਰਿਹਾ ਸੀ ਜੋ ਕਿ ਕੋਵਿਡ-19 ਮਹਾਂਮਾਰੀ ਦੇ ਸ਼ੁਰੂ ਹੋਣ ਤੋਂ ਕਿਤੇ ਪਹਿਲਾਂ ਸ਼ੁਰੂ ਹੋ ਗਿਆ ਸੀ। ਟੀਮ ਅਤੇ ਇਲਾਜ ਕਰਨ ਵਾਲੇ ਡਾਕਟਰਾਂ ਨੂੰ ਧਿਆਨ ਨਾਲ ਦੇਖਦੇ ਹੋਏ ਉਸ ਨੇ ਇਹ ਮਹਿਸੂਸ ਕੀਤਾ ਕਿ ਇੱਕੋ ਸਮੇਂ ਸਧਾਰਨ ਲੋੜਾਂ ਵਾਲੇ ਖਾਸ ਮਰੀਜ਼ਾਂ ਦੀ ਪਛਾਣ ਕਰਕੇ, ਇਸ ਤਰੀਕੇ ਨੂੰ ਬਹੁਤ ਸੁਚਾਰੂ ਬਣਾਇਆ ਜਾ ਸਕਦਾ ਹੈ।

Sherry ਨੇ ਇੰਜੈਕਸ਼ਨ ਦੀ ਤਿਆਰੀ ਅਤੇ ਮਰੀਜ਼ ਦੇ ਫਲੋਅ ਲਈ ਇਕ ਸਿਸਟਮ ਤਿਆਰ ਕੀਤਾ ਅਤੇ ਇਸ ਦੀ ਤਜਵੀਜ਼ ਸਟਾਫ ਅਤੇ ਮੈਡੀਕਲ ਇਮੇਜਿੰਗ ਵਿਚਲੇ ਡਾਕਟਰਾਂ ਅੱਗੇ ਰੱਖੀ। ਟੀਮ ਨੇ ਹਫਤੇ ਵਿਚ ਇਕ ਦਿਨ ਨੂੰ ਪਾਇਲਟ ਵਜੋਂ ਰੱਖਿਆ, ਉਨ੍ਹਾਂ ਮਰੀਜ਼ਾਂ `ਤੇ ਧਿਆਨ ਕੇਂਦਰਿਤ ਕਰਦੇ ਹੋਏ ਜਿਨ੍ਹਾਂ ਨੂੰ ਹੱਥਾਂ ਅਤੇ ਪੈਰਾਂ ਵਿਚ ਦਰਦ ਨੂੰ ਕੰਟਰੋਲ ਕਰਨ ਦੀਆਂ ਸਮੱਸਿਆਵਾਂ ਸਨ। Sherry ਨੇ ਇਸ ਨੂੰ 'ਪੁਸ਼' ('PUSH') ਡੇਅ ਕਹਿਣ ਦਾ ਫੈਸਲਾ ਕੀਤਾ ਕਿਉਂਕਿ ਉਹ ਜ਼ਿਆਦਾ ਮਰੀਜ਼ਾਂ ਦਾ ਇਲਾਜ ਸੁਰੱਖਿਅਤ ਅਤੇ ਕਾਰਗਰ ਤਰੀਕੇ ਨਾਲ ਕਰਨ ਲਈ ਜ਼ੋਰ ਲਾ ਰਹੇ ਸਨ।

### ਆਮ ਤੌਰ `ਤੇ ਟੀਮ ਹਰ ਰੋਜ਼ 11 ਤੋਂ 16 ਮਰੀਜ਼ ਦੇਖਦੀ ਸੀ

**ਪਰ 16 ਸਤੰਬਰ, 2021 ਨੂੰ ਪਹਿਲੇ ਪੁਸ਼ ਡੇਅ ਦੌਰਾਨ ਉਨ੍ਹਾਂ ਨੇ**

**38**

**ਮਰੀਜ਼ਾਂ ਦਾ ਇਲਾਜ ਕੀਤਾ।**

**ਪੁਸ਼ ਡੇਅਜ਼ ਦੇ ਤਿੰਨ ਮਹੀਨੇ ਚੱਲਣ ਦੇ ਸਮੇਂ ਤੱਕ, ਟੀਮ ਹਰ ਪੁਸ਼ ਡੇਅ ਨੂੰ**

**72**

**ਤੱਕ ਮਰੀਜ਼ਾਂ ਦਾ ਇਲਾਜ ਕਰ ਰਹੀ ਸੀ।**


ਹਰ ਸਵੇਰ ਨੂੰ ਸਵੇਰ ਦੇ ਗਰੁੱਪ, ਹਰ ਵਿਅਕਤੀ ਲਈ ਖਾਸ ਅਸਾਇਨਮੈਂਟਾਂ, ਅਤੇ ਸਪਸ਼ਟ ਪਲੈਨ ਦੀ ਵਰਤੋਂ ਕਰਕੇ, ਟੀਮ ਰੈਗੂਲਰ ਮਰੀਜ਼ਾਂ ਨਾਲੋਂ ਤਿੰਨ ਗੁਣਾਂ ਜ਼ਿਆਦਾ ਮਰੀਜ਼ ਦੇਖਣ ਦੇ ਯੋਗ ਸੀ।

ਪੁਸ਼ ਡੇਅਜ਼ ਨਾਲ ਟੀਚਾ ਉਡੀਕ ਕਰਨ ਦੀ ਲਿਸਟ ਇਕ ਸਾਲ ਤੋਂ ਘਟਾ ਕੇ ਦੋ ਮਹੀਨੇ ਕਰਨਾ ਸੀ, ਅਤੇ ਟੀਮ ਨੂੰ ਇਹ ਦੱਸ ਕੇ ਮਾਣ ਮਹਿਸੂਸ ਹੋ ਰਿਹਾ ਹੈ ਕਿ ਉਹ ਹਰ ਪੁਸ਼ ਡੇਅ ਦੌਰਾਨ ਤਕਰੀਬਨ 20 ਮਰੀਜ਼ਾਂ ਦਾ ਇਲਾਜ ਕਰਕੇ ਉਡੀਕ ਲਿਸਟ ਖਤਮ ਕਰਨ ਦੇ ਯੋਗ ਹੋਏ ਹਨ।

ਬਿਹਤਰ ਨਤੀਜਿਆਂ ਲਈ ਵਾਹ ਲਾਉਣਾ

# ਮਰੀਜ਼ ਦੀ ਜਾਣਕਾਰੀ ਤੱਕ ਇਕਸਾਰ ਪਹੁੰਚ ਮਰੀਜ਼ ਦੀ ਸੰਭਾਲ ਵਿਚ ਸੁਧਾਰ ਕਰਦੀ ਹੈ।








ਨਵੰਬਰ 2022 ਵਿਚ, ਵੈਨਕੂਵਰ ਜਨਰਲ ਹਸਪਤਾਲ (ਵੀ ਜੀ ਐੱਚ) (VGH) ਅਤੇ ਕੈਂਪਸ, ਜਿਨ੍ਹਾਂ ਚ ਜੋਸਫ ਐਂਡ ਰੋਜ਼ਾਲੀ ਸੇਗਲ ਅਤੇ ਫੈਮਿਲੀ ਹੈਲਥ ਸੈਂਟਰ, ਵਿਲੋ ਪਵੇਲੀਅਨ (Joseph and Rosalie Segal and Family Health Centre, Willow Pavilion) ਅਤੇ 50 ਨਾਲੋਂ ਜ਼ਿਆਦਾ ਹੋਰ ਤਰਜੀਹੀ ਕਲੀਨਿਕ ਸ਼ਾਮਲ ਹਨ, ਇਕ ਨਵੇਂ ਇਲੈਕਟਰੌਨਿਕ ਹੈਲਥ ਰਿਕਾਰਡਜ਼ ਸਿਸਟਮ `ਤੇ ਤਬਦੀਲ ਹੋ ਗਏ ਜਿਸ ਨੂੰ ਸੀ ਐੱਸ ਟੀ ਸਰਨਰ (CST Cerner) ਆਖਿਆ ਜਾਂਦਾ ਹੈ।

ਕਲਿਨੀਕਲ ਐਂਡ ਸਿਸਟਮਜ਼ ਟ੍ਰਾਂਸਫੌਰਮੇਸ਼ਨ (ਸੀ ਐੱਸ ਟੀ) (Clinical and Systems Transformation (CST)) ਇਕ ਬਹੁ-ਸਾਲਾ ਪ੍ਰੋਜੈਕਟ ਹੈ ਜੋ ਵੀ ਸੀ ਐੱਚ ਅਤੇ ਇਸ ਦੀਆਂ ਭਾਈਵਾਲ ਸੰਸਥਾਵਾਂ, ਪ੍ਰੋਵੀਡੈਂਸ ਹੈਲਥ ਕੇਅਰ (Providence Health Care) ਅਤੇ ਸੂਬੇ ਦੀ ਹੈਲਥ ਸਰਵਿਸਿਜ਼ ਅਥਾਰਟੀ ਵਿਚ, ਬਹੁਤਾ ਕਰਕੇ ਪੇਪਰ ਆਧਾਰਿਤ ਰਿਕਾਰਡਾਂ ਨੂੰ ਇਕ ਇਲੈਕਟਰੌਨਿਕ ਹੈਲਥ ਰਿਕਾਰਡਜ਼ ਸਿਸਟਮ `ਤੇ ਤਬਦੀਲ ਕਰਕੇ, ਮਰੀਜ਼ ਦੀ ਸੰਭਾਲ ਦੀ ਸੇਫਟੀ, ਕੁਆਲਟੀ ਅਤੇ ਇਕਸਾਰਤਾ ਵਿਚ ਸੁਧਾਰ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਬੀ.ਸੀ. ਦੇ ਇਤਿਹਾਸ ਵਿਚ ਹੈਲਥ ਕੇਅਰ ਦੇ ਸਭ ਤੋਂ ਵੱਡੇ ਪ੍ਰੋਜੈਕਟਾਂ ਵਿੱਚੋਂ ਇਕ ਹੈ ਅਤੇ ਸਥਾਨਾਂ ਅਤੇ ਸੰਸਥਾਵਾਂ ਦਰਮਿਆਨ ਮਰੀਜ਼ ਦੇ ਇਲੈਕਟਰੌਨਿਕ ਸਿਹਤ ਰਿਕਾਰਡਾਂ ਤੱਕ ਸਮੇਂ ਸਿਰ ਪਹੁੰਚ ਕਰਨ ਦੀ ਆਗਿਆ ਦੇਵੇਗਾ, ਜਿਸ ਨਾਲ ਸੰਭਾਲ ਲਈ ਜ਼ਿਆਦਾ ਅਸਰਦਾਰ ਤਰੀਕੇ ਤਿਆਰ ਹੋਣਗੇ।

ਵੀ ਜੀ ਐੱਚ ਵਿਖੇ ਸੀ ਐੱਸ ਟੀ ਵੱਲ ਤਬਦੀਲੀ ਲਈ ਟਰੇਨਿੰਗ ਅਤੇ ਤਿਆਰੀ ਲਈ ਬਹੁਤ ਜ਼ਿਆਦਾ ਤਿਆਰੀ ਅਤੇ ਪਲੈਨਿੰਗ ਦੀ ਲੋੜ ਸੀ:


**10,000 ਤੋਂ ਜ਼ਿਆਦਾ ਸਟਾਫ ਅਤੇ ਮੈਡੀਕਲ ਸਟਾਫ ਨੇ ਔਨਲਾਈਨ ਅਤੇ ਹਾਜ਼ਰ ਹੋ ਕੇ ਟਰੇਨਿੰਗ ਪੂਰੀ ਕੀਤੀ, ਸੈਂਕੜੇ ਨਵੇਂ ਵਰਕਸਟੇਸ਼ਨ ਔਨ ਵੀਲਜ਼ ਅਤੇ ਟੈਕਨੋਲੋਜੀ ਦੇ ਮਦਦ ਕਰਨ ਵਾਲੇ ਯੰਤਰ ਸ਼ੁਰੂ ਕੀਤੇ ਗਏ ਅਤੇ ਮਰੀਜ਼ਾਂ ਦੇ ਹਜ਼ਾਰਾਂ ਚਾਰਟ ਇਲੈਕਟਰੌਨਿਕ ਐਕਟੀਵੇਸ਼ਨ ਲਈ ਤਿਆਰ ਕਰਨ ਵਾਸਤੇ ਤਬਦੀਲ ਕੀਤੇ ਗਏ।**

ਵੀ ਜੀ ਐੱਚ ਦਾ ਅਮਲ ਬੀ.ਸੀ. ਵਿਚ ਕਿਸੇ ਵੀ ਸੀ ਐੱਸ ਟੀ ਸਰਨਰ ਐਕਟੀਵੇਸ਼ਨ ਦਾ ਸਭ ਤੋਂ ਵੱਡਾ ਸਕੋਪ ਸੀ ਅਤੇ, ਅਸਲੀਅਤ ਵਿਚ, ਇਹ ਨੌਰਥ ਅਮਰੀਕਾ ਵਿਚ ਸਭ ਤੋਂ ਵੱਡਾ ਸੀ। ਮਰੀਜ਼ਾਂ ਲਈ ਫਾਇਦਿਆਂ ਵਿਚ, ਦਵਾਈ ਦੀ ਜ਼ਿਆਦਾ ਸੇਫਟੀ, ਇਕ ਸਮੁੱਚੀ ਪਹੁੰਚ ਸ਼ਾਮਲ ਹਨ, ਜਿਹੜੇ ਇਲਾਜ ਦੀ ਜ਼ਿਆਦਾ ਇਕਸਾਰਤਾ, ਨਤੀਜਿਆਂ ਅਤੇ ਦਵਾਈਆਂ ਨਾਲ ਇਲਾਜ ਤੱਕ ਤੇਜ ਪਹੁੰਚ ਅਤੇ ਸਲਾਹ-ਮਸ਼ਵਰਿਆਂ ਜਾਂ ਡੁਪਲੀਕੇਟ ਟੈੱਸਟਾਂ ਦੇ ਦੌਰਾਨ ਆਪਣੇ ਆਪ ਨੂੰ ਦੁਹਰਾਉਣ `ਤੇ ਘੱਟ ਸਮਾਂ ਲਗਾਉਣ ਵਿਚ ਮਦਦ ਕਰਦੇ ਹਨ।

ਵੀ ਜੀ ਐੱਚ, ਵੀ ਸੀ ਐੱਚ ਦੇ ਕਈ ਸਥਾਨਾਂ ਵਿਚ ਸ਼ਾਮਲ ਹੋ ਗਿਆ ਹੈ ਜਿਹੜੇ ਪਹਿਲਾਂ ਹੀ ਸੀ ਐੱਸ ਟੀ ਸਰਨਰ ਵੱਲ ਤਬਦੀਲ ਹੋ ਗਏ ਹਨ ਜਿਨ੍ਹਾਂ ਵਿਚ ਲਾਇਨਜ਼ ਗੇਟ ਹਸਪਤਾਲ, ਸੁਕਾਮਿਸ਼ ਜਨਰਲ ਹਸਪਤਾਲ (Squamish General Hospital), ਵਿਸਲਰ ਹੈਲਥ ਕੇਅਰ ਸੈਂਟਰ (Whistler Health Care Centre) ਅਤੇ ਪੈਂਬਰਟਨ ਹੈਲਥ (Pemberton Health) ਅਤੇ ਸੀਛੈਲਟ ਹਸਪਤਾਲ (Sechelt Hospital), ਟੋਟਮ ਲੌਜ (Totem Lodge), ਸ਼ੌਰਨਕਲਿੱਫ ਇੰਟਰਮੀਡੀਏਟ ਕੇਅਰ ਹੋਮ (Shorncliffe Intermediate Care Home) ਅਤੇ ਸੁਮਾਕ ਪਲੇਸ (Sumac Place) ਸ਼ਾਮਲ ਹਨ।

ਬਿਹਤਰ ਨਤੀਜਿਆਂ ਲਈ ਵਾਹ ਲਾਉਣਾ

# ਵੈਨਕੂਵਰ ਜਨਰਲ ਹਸਪਤਾਲ ਵਿਖੇ ਸੁਰੱਖਿਅਤ ਤਰੀਕੇ ਨਾਲ ਖ਼ੂਨ ਦਾਨ ਕੀਤਾ ਗਿਆ



ਅਗਸਤ 2022 ਵਿਚ, ਵੈਨਕੂਵਰ ਜਨਰਲ ਹਸਪਤਾਲ (ਵੀ ਜੀ ਐੱਚ) ਵੀ ਸੀ ਐੱਚ ਦਾ ਪਹਿਲਾ ਯੂਜ਼ਿੰਗ ਬਲੱਡ ਵਾਈਜ਼ਲੀ (Using Blood Wisely) ਸਥਾਨ ਬਣਿਆ। ਇਸ ਰੁਤਬੇ ਨਾਲ, ਵੀ ਜੀ ਐੱਚ ਕੈਨੇਡੀਅਨ ਹਸਪਤਾਲਾਂ ਦੇ ਉਸ ਚੋਣਵੇਂ ਗਰੁੱਪ ਵਿਚ ਸ਼ਾਮਲ ਹੁੰਦਾ ਹੈ ਜਿਨ੍ਹਾਂ ਨੂੰ ਖ਼ੂਨ ਦੇ ਲਾਲ ਸੈੱਲਾਂ ਦੀ ਨਿਗਰਾਨੀ ਅਤੇ ਕੁਆਲਟੀ ਵਿਚ ਸੁਧਾਰ ਕਰਨ ਵਾਸਤੇ ਲਗਾਤਾਰ ਪੈਰਵੀ ਲਈ ਜ਼ਿੰਮੇਵਾਰੀ ਦੀ ਆਪਣੀ ਪ੍ਰਤੀਬੱਧਤਾ ਲਈ ਚੂਜ਼ਿੰਗ ਵਾਈਜ਼ਲੀ ਕੈਨੇਡਾ (Choosing Wisely Canada) ਅਤੇ ਕੈਨੇਡੀਅਨ ਬਲੱਡ ਸਰਵਿਸਿਜ਼ (Canadian Blood Services) ਵਲੋਂ ਮਾਨਤਾ ਦਿੱਤੀ ਗਈ ਹੈ।

ਯੂਜ਼ਿੰਗ ਬਲੱਡ ਵਾਈਜ਼ਲੀ ਦਾ ਟਾਈਟਲ ਹਾਸਲ ਕਰਨਾ ਵੀ ਜੀ ਐੱਚ ਦੀ ਟ੍ਰਾਂਸਫਿਊਜ਼ਨ ਮੈਡੀਸੀਨ ਟੀਮ ਦੇ ਕੰਮ ਦੀ ਪੁਸ਼ਟੀ ਕਰਦਾ ਹੈ। ਉਨ੍ਹਾਂ ਨੇ ਪਿਛਲੇ ਪੰਜ ਸਾਲ, ਮਰੀਜ਼ਾਂ ਦੀ ਸੇਫਟੀ ਵਿਚ ਸੁਧਾਰ ਕਰਨ ਲਈ ਖ਼ੂਨ ਦੇ ਲਾਲ ਸੈੱਲਾਂ ਦੀ ਤਬਦੀਲੀ ਦੇ ਪ੍ਰੋਗਰਾਮ ਨੂੰ ਅਪਡੇਟ ਕਰਨ ਲਈ ਸਮਰਪਿਤ ਕੀਤੇ ਹਨ ਅਤੇ ਇਸੇ ਸਮੇਂ ਦੌਰਾਨ ਦਾਨ ਹੋਏ ਖ਼ੂਨ ਦੀ ਸਪਲਾਈ ਨੂੰ ਜ਼ਿੰਮੇਵਾਰੀ ਨਾਲ ਵਰਤਿਆ ਹੈ, ਜੋ ਕਿ ਇਕ ਅਜਿਹਾ ਕੀਮਤੀ ਸਰੋਤ ਹੈ ਜਿਸ ਦੀ ਬਹੁਤ ਮੰਗ ਹੈ।

ਯੂਜ਼ਿੰਗ ਬਲੱਡ ਵਾਈਜ਼ਲੀ ਰੁਤਬੇ ਦੇ ਕਾਰਜ ਦੇ ਹਿੱਸੇ ਵਜੋਂ, ਟ੍ਰਾਂਸਿਫਊਜ਼ਨ ਮੈਡੀਸੀਨ ਟੀਮ ਨੇ ਇਸ ਉੱਦਮ ਦੀ ਪ੍ਰਭਾਵਕਤਾ ਨੂੰ ਰਾਸ਼ਟਰੀ ਮਾਪਦੰਡਾਂ ਨਾਲ ਮਾਪਿਆ ਹੈ। ਨਤੀਜਿਆਂ ਨੇ ਇਹ ਦਿਖਾਇਆ ਹੈ ਕਿ ਵੀ ਜੀ ਐੱਚ ਦਾ ਰੈੱਡ ਬਲੱਡ ਸੈੱਲ ਟ੍ਰਾਂਸਫਿਊਜ਼ਨ ਪ੍ਰੋਗਰਾਮ ਇਹ ਮਿਆਰ ਪੂਰੇ ਕਰਦਾ ਹੈ ਅਤੇ ਅਕਸਰ ਇਨ੍ਹਾਂ ਮਿਆਰਾਂ ਤੋਂ ਅਗਾਂਹ ਜਾਂਦਾ ਹੈ।

ਪ੍ਰੋਗਰਾਮ ਦੀ ਕਾਮਯਾਬੀ ਟੀਮ ਦੇ ਯਤਨਾਂ ਦਾ ਨਤੀਜਾ ਹੈ: ਹੈਲਥ ਕੇਅਰ ਸਟਾਫ ਅਤੇ ਮੈਡੀਕਲ ਸਟਾਫ ਨੇ ਅਪਡੇਟ ਕੀਤੇ ਹੋਏ ਵਰਕਫਲੋਅਜ਼ ਅਤੇ ਅਮਲਾਂ ਨੂੰ ਅਪਣਾ ਕੇ ਇਕ ਮਹੱਤਵਪੂਰਨ ਰੋਲ ਨਿਭਾਇਆ ਹੈ। ਵੀ ਜੀ ਐੱਚ ਦਾ ਯੂਜ਼ਿੰਗ ਬਲੱਡ ਵਾਈਜ਼ਲੀ ਦਾ ਰੁਤਬਾ ਮਰੀਜ਼ ਦੀ ਸੇਫਟੀ ਅਤੇ ਖ਼ੂਨ ਦੇ ਲਾਲ ਸੈੱਲਾਂ ਦੀ ਟ੍ਰਾਂਸਫਿਊਜ਼ਨਜ਼ ਦੀ ਢੁਕਵੀਂ ਵਰਤੋਂ ਲਈ ਸਾਂਝੀ ਵਚਨਬੱਧਤਾ ਦਾ ਪ੍ਰਤੀਕ ਹੈ।

ਵੀ ਜੀ ਐੱਚ ਦੇ ਰੈੱਡ ਬਲੱਡ ਸੈੱਲ ਟ੍ਰਾਂਸਫਿਊਜ਼ਨ ਪ੍ਰੋਗਰਾਮ ਦਾ ਮਾਡਲ ਹੁਣ ਵੀ ਸੀ ਐੱਚ ਦੇ ਹੋਰ ਹਸਪਤਾਲਾਂ ਤੱਕ ਵਧਾਇਆ ਜਾ ਰਿਹਾ ਹੈ।

> ਇਹ ਰੁਤਬਾ ਖ਼ੂਨ ਚੜ੍ਹਾਉਣ ਦੀ ਕੁਆਲਟੀ ਵਿਚ ਸੁਧਾਰ ਦੇ ਉਨ੍ਹਾਂ ਉੱਦਮਾਂ ਦੀ ਅਸਰਦਾਇਕਤਾ ਦੀ ਪੁਸ਼ਟੀ ਕਰਦਾ ਹੈ ਜਿਹੜੇ ਅਸੀਂ ਡਿਜ਼ਾਇਨ ਅਤੇ ਲਾਗੂ ਕੀਤੇ ਹਨ। ਇਹ ਸਾਨੂੰ ਹੌਸਲਾ ਦਿੰਦਾ ਹੈ ਕਿ ਇਕ ਹਸਪਤਾਲ ਵਜੋਂ, ਅਸੀਂ ਖ਼ੂਨ ਚੜ੍ਹਾਉਣ ਦੇ ਢੁਕਵੇਂ ਅਤੇ ਜ਼ਿੰਮੇਵਾਰ ਅਮਲ ਲਈ ਵਚਨਬੱਧ ਹਾਂ।
>
> **ਡਾਕਟਰ Krista Marcon**
>
> ਹੇਮਾਟੋਪੈਥੋਲੋਜਿਸਟ ਅਤੇ ਵੀ ਜੀ ਐੱਚ ਦੀ ਯੂਜ਼ਿੰਗ ਬਲੱਡ ਵਾਈਜ਼ਲੀ ਦਾ ਡਾਕਟਰ ਚੈਂਪੀਅਨ।

ਬਿਹਤਰ ਨਤੀਜਿਆਂ ਲਈ ਵਾਹ ਲਾਉਣਾ

# ਹੈਲਥ ਕੇਅਰ ਦੇ ਵਾਤਾਵਰਣ ’ਤੇ ਅਸਰ ਦੇ ਹੱਲ ਲੱਭਣਾ

ਹੈਲਥ ਕੇਅਰ ਕੈਨੇਡਾ ਦੀ ਗਰੀਨਹਾਊਸ ਗੈਸ ਦੇ ਕੁੱਲ ਪੰਜ ਪ੍ਰਤੀਸ਼ਤ ਧੂੰਏਂ ਲਈ ਜ਼ਿੰਮੇਵਾਰ ਹੈ। ਬੀ.ਸੀ. ਵਿਚ ਹੈਲਥ ਕੇਅਰ ਦੀਆਂ ਸਭ ਤੋਂ ਵੱਡੀਆਂ ਸੰਸਥਾਵਾਂ ਵਿੱਚੋਂ ਇਕ ਹੋਣ ਕਰਕੇ, ਅਸੀਂ ਇਹ ਮੰਨਦੇ ਹਾਂ ਕਿ ਵਾਤਾਵਰਣ `ਤੇ ਸਾਡਾ ਅਸਰ ਵੱਡਾ ਹੈ। ਅਸੀਂ ਵਾਤਾਵਰਣ `ਤੇ ਆਪਣਾ ਅਸਰ ਘਟਾਉਣ ਅਤੇ ਆਪਣੇ ਹੈਲਥ ਕੇਅਰ ਸਿਸਟਮ ਅਤੇ ਗ੍ਰਹਿ (ਪਲੈਨਿੱਟ) ਦੀ ਅਰੋਗਤਾ ਲਈ ਵਚਨਬੱਧ ਹਾਂ।


ਸਾਡਾ ਅੱਗੇ ਦਾ ਕੰਮ ਉਦੇਸ਼ਪੂਰਨ ਹੈ ਅਤੇ ਬੀ.ਸੀ. ਦੀ ਮਨਿਸਟਰੀ ਔਫ ਹੈਲਥ ਦੇ ਆਦੇਸ਼ ਪੱਤਰ ਅਤੇ ਕਲੀਨ ਬੀ ਸੀ ਰੋਡਮੈਪ (CleanBC Roadmap) 2030 ਨਾਲ ਮੇਲ ਖਾਂਦਾ ਹੈ। ਇਸ ਲਈ ਸਾਡੀਆਂ ਸਾਰੀਆਂ ਟੀਮਾਂ ਦੇ ਸਾਂਝੇ ਯਤਨਾਂ ਦੀ ਅਤੇ ਵਾਤਾਵਰਣ ਦੀ ਜਾਰੀ ਰਹਿਣ ਯੋਗਤਾ ਅਤੇ ਜਲਵਾਯੂ ਮੁਤਾਬਕ ਲਚਕੀਲੇਪਣ ਵੱਲ ਜਾਣ ਵਿਚ ਸਾਡੀ ਮਦਦ ਲਈ ਅਰਥਪੂਰਨ ਹੱਲਾਂ ਅਤੇ ਨਵੇਂ ਖਿਆਲਾਂ ਦੀ ਪਛਾਣ ਕਰਨ ਲਈ ਹਿੱਸੇਦਾਰਾਂ ਨਾਲ ਰਲ ਕੇ ਕੰਮ ਕਰਨ ਦੀ ਲੋੜ ਪਵੇਗੀ।

## 2022 ਦੀਆਂ ਵਿਸ਼ੇਸ਼ਤਾਵਾਂ:

- ਜਲਵਾਯੂ ਨੂੰ ਖਤਰੇ ਅਤੇ ਲਚਕੀਲੇਪਣ ਨੂੰ ਵੱਡੇ ਪ੍ਰੋਜੈਕਟਾਂ ਨਾਲ ਜੋੜਿਆ ਜਿਸ ਵਿਚ ਰਿਚਮੰਡ ਹਸਪਤਾਲ ਨੂੰ ਦੁਬਾਰਾ ਡਿਵੈਲਪ ਕਰਨ ਦਾ ਪ੍ਰੋਜੈਕਟ ਵੀ ਸ਼ਾਮਲ ਹੈ।
- ਸਾਨੂੰ $CO_2e$ 1,411 ਟਨ ਤੱਕ ਘਟਾਉਣ ਦੇ ਯੋਗ ਬਣਾਉਣ ਵਾਸਤੇ ਵੀ ਜੀ ਐੱਚ (VGH) ਦੇ ਓਪਰੇਟਿੰਗ ਰੂਮ ਨੂੰ ਨਵਿਆਉਣ ਲਈ ਡਿਜ਼ਾਇਨ ਕੀਤਾ।
- ਸਟਾਫ ਅਤੇ ਮਰੀਜ਼ਾਂ ਲਈ ਖਾਣਿਆਂ ਦੀਆਂ ਟਰੇਆਂ ਲਈ ਖਾਣਿਆਂ ਦੇ ਮੌਕਿਆਂ ਦੀ ਜਾਰੀ ਰਹਿਣ ਯੋਗਤਾ ਵਧਾਉਣ ਲਈ ਨੌਰਿਸ਼ ਐਂਕਰ ਕੋਹੋਰਟ (Nourish Anchor Cohort) ਵਿਚ ਹਿੱਸਾ ਲਿਆ, ਜਿਸ ਵਿਚ ਖਾਣਿਆਂ ਦੀਆਂ ਰਵਾਇਤੀ ਚੋਣਾਂ ਵੀ ਸ਼ਾਮਲ ਹਨ।
- ਨੌਨ-ਅਕਿਊਟ ਕੇਅਰ (ਲੌਂਗ-ਟਰਮ ਕੇਅਰ ਹੋਮ) ਦੇ ਮਾਹੌਲਾਂ ਵਿਚ ਖਾਣਿਆਂ ਨੂੰ ਗਾਰਬੇਜ ਸੁੱਟਣ ਵਾਲੀ ਥਾਂ `ਤੇ ਜਾਣ ਤੋਂ ਰੋਕਣ ਦੀ 36 ਪ੍ਰਤੀਸ਼ਤ ਨੂੰ ਵਧਾ ਕੇ 42 ਪ੍ਰਤੀਸ਼ਤ ਕੀਤਾ। ਅਕਿਊਟ ਕੇਅਰ (ਹਸਪਤਾਲ) ਦੇ ਮਾਹੌਲਾਂ ਵਿਚ ਸਮੁੱਚੀ ਰਹਿੰਦ-ਖੂੰਹਦ ਨੂੰ 11.7 ਕਿਲੋਗ੍ਰਾਮ/ਵਰਗ ਮੀਟਰ ਤੋਂ ਘਟਾ ਕੇ 10.3 ਕਿਲੋਗ੍ਰਾਮ/ਵਰਗ ਮੀਟਰ ਕੀਤਾ।

ਇਸ ਚੀਜ਼ ਬਾਰੇ ਜ਼ਿਆਦਾ ਜਾਣੋ ਕਿ ਅਸੀਂ ਵਾਤਾਵਰਣ `ਤੇ ਆਪਣੇ ਨਿਸ਼ਾਨ ਕਿਵੇਂ ਘਟਾ ਰਹੇ ਹਾਂ **GreenCare**.

# ਸਾਡਾ ਤਰਜੀਹੀ ਕੰਮ ਇਨ੍ਹਾਂ ਖੇਤਰਾਂ ਵਿਚ ਜਾਰੀ ਰਹਿਣ ਯੋਗਤਾ ਨੂੰ ਅੱਗੇ ਵਧਾਉਣ `ਤੇ ਫੋਕਸ ਕਰੇਗਾ:



**ਜਲਵਾਯੂ ਵਿਚ ਤਬਦੀਲੀ:**
ਉਦੇਸ਼ਪੂਰਣ, ਸਥਾਨਾਂ ਦੇ ਕਾਇਮ ਰਹਿਣ ਯੋਗ ਡਿਜ਼ਾਇਨ ਅਤੇ ਕਾਰਜਾਂ ਰਾਹੀਂ ਜਲਵਾਯੂ ਮੁਤਾਬਕ ਲਚਕਸ਼ੀਲ ਹੈਲਥ ਸਿਸਟਮ ਵੱਲ ਮੂਵ ਹੋਣਾ।



**ਐਨਰਜੀ ਅਤੇ ਕਾਰਬਨ:**
ਐਨਰਜੀ ਸਮਰੱਥਾ ਵਧਾ ਕੇ ਅਤੇ ਫੌਸਿਲ ਫਿਊਲਜ਼ ਉੱਪਰ ਨਿਰਭਰਤਾ ਘਟਾ ਕੇ ਆਪਣੇ ਕਾਰਬਨ ਦੇ ਨਿਸ਼ਾਨ ਘਟਾਉਣਾ।



**ਖਾਣਾ:**
ਖਾਣੇ ਨੂੰ ਦਵਾਈ ਦੇ ਤੌਰ `ਤੇ ਅੱਗੇ ਵਧਾਉਣ ਲਈ ਪੌਦਿਆਂ-ਆਧਾਰਿਤ, ਲੋਕਲ, ਖਾਣੇ ਦੀ ਸਰਵਿਸ ਦੀਆਂ ਸਭਿਆਚਾਰਕ ਤੌਰ `ਤੇ ਢੁਕਵੀਂਆਂ ਅਤੇ ਉਚਿਤ ਚੋਣਾਂ ਵਿਕਸਤ ਕਰਨਾ।



**ਸਾਮੱਗਰੀਆਂ:**
ਅਜਿਹੀਆਂ ਜਾਰੀ ਰਹਿਣ ਯੋਗ ਸਾਮੱਗਰੀਆਂ ਅਤੇ ਵਸਤਾਂ ਦੀ ਚੋਣ ਕਰਨਾ ਜਿਹੜੀਆਂ ਮਨੁੱਖੀ ਅਤੇ ਵਾਤਾਵਰਣ ਦੀ ਸਿਹਤ ਲਈ ਯੋਗਦਾਨ ਪਾਉਣ, ਅਤੇ ਗਾਰਬੇਜ ਅਤੇ ਬੇਲੋੜੇ ਕੈਮੀਕਲਾਂ ਤੋਂ ਪਰਹੇਜ਼ ਕਰਨ।



**ਪਾਣੀ:**
ਕੁਦਰਤੀ ਵਸੀਲਿਆਂ ਦੀ ਮੰਗ ਘਟਾਉਣ ਅਤੇ ਸਾਡੇ ਵਾਤਾਵਰਣ `ਤੇ ਅਸਰ ਘਟਾਉਣ ਲਈ ਪਾਣੀ ਦੀ ਖਪਤ ਨੂੰ ਘੱਟ ਤੋਂ ਘੱਟ ਕਰਨਾ।



**ਟ੍ਰਾਂਸਪੋਰਟੇਸ਼ਨ:**
ਟ੍ਰਾਂਸਪੋਰਟੇਸ਼ਨ ਦੇ ਅਜਿਹੇ ਬਦਲਾਂ ਤੱਕ ਪਹੁੰਚ ਅਤੇ ਵਰਤੋਂ ਵਧਾਉਣਾ ਜਿਹੜੇ ਵਾਤਾਵਰਣ ਉਪਰ ਮਾੜੇ ਅਸਰ ਨੂੰ ਘੱਟ ਕਰਦੇ ਹਨ ਅਤੇ ਮਨੁੱਖੀ ਸਿਹਤ ਅਤੇ ਭਲਾਈ ਲਈ ਫਾਇਦੇਮੰਦ ਹਨ।

# ਫਾਊਂਡੇਸ਼ਨਾਂ

ਹਸਪਤਾਲ ਦੀ ਕਿਸੇ ਫਾਊਂਡੇਸ਼ਨ ਨੂੰ ਦਾਨ ਦੇ ਕੇ ਵੀ ਸੀ ਐੱਚ ਦੇ ਜ਼ਰੂਰੀ ਕੰਮ ਵਿਚ ਯੋਗਦਾਨ ਪਾ ਕੇ ਪੱਕਾ ਰਹਿਣ ਵਾਲਾ ਅਸਰ ਪਾਉ। ਦਾਨ ਖਾਸ ਸਾਜ਼-ਸਾਮਾਨ ਖਰੀਦਣ, ਮੈਡੀਕਲ ਖੋਜ ਦੀ ਮਦਦ ਕਰਨ ਅਤੇ ਮਰੀਜ਼ਾਂ ਦੀ ਸੰਭਾਲ ਵਿਚ ਸੁਧਾਰ ਕਰਨ ਲਈ ਖਰਚਾ ਦੇਣ ਵਿਚ ਮਦਦ ਕਰਦੇ ਹਨ। ਦਿੱਤਾ ਗਿਆ ਹਰ ਦਾਨ, ਸਾਡੇ ਮਰੀਜ਼ਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਸਾਡੇ ਭਾਈਚਾਰਿਆਂ ਦੀ ਜ਼ਿੰਦਗੀ ਵਿਚ ਫਰਕ ਪਾਉਂਦਾ ਹੈ।

**ਇਸ ਚੀਜ਼ ਬਾਰੇ ਜ਼ਿਆਦਾ ਜਾਣਨ ਲਈ ਕਿ ਹਸਪਤਾਲ ਦੀਆਂ ਫਾਊਂਡੇਸ਼ਨਾਂ ਕਿਵੇਂ ਹੈਲਥ ਕੇਅਰ ਨੂੰ ਤਬਦੀਲ ਕਰ ਰਹੀਆਂ ਹਨ, vch.ca/donate `ਤੇ ਜਾਉ।**

**ਕਿਰਪਾ ਕਰ ਕੇ ਇਸ QR ਕੋਡ ਨੂੰ ਸਕੈਨ ਕਰ ਕੇ ਅਨੁਵਾਦ ਸਬੰਧੀ ਆਪਣੇ ਵਿਚਾਰ ਪ੍ਰਗਟ ਕਰੋ।**

Vancouver Coastal Health

British Columbia

@vchhealthcare